# ਪ੍ਰਸ਼ਨ ਬੈਂਕ
# ਜਮਾਤ – ਅੱਠਵੀਂ (ਸਮਾਜਿਕ ਸਿੱਖਿਆ)

ਪਿਆਰੇ ਵਿਦਿਆਰਥੀਓ, ਇਸ ਪ੍ਰਸ਼ਨ ਬੈਂਕ ਰਾਹੀਂ ਅਸੀਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਮਾਜਿਕ ਸਿੱਖਿਆ ਵਿਸ਼ੇ ਦੇ ਪ.ਸ.ਸ.ਬ. ਮੁਹਾਲੀ ਦੇ ਸਿਲੇਬਸ ਅਨੁਸਾਰ ਬਣਦੇ ਪ੍ਰਸ਼ਨ ਲਿਖੇ ਹਨ। ਇਹ ਪ੍ਰਸ਼ਨ ਜਿੱਥੇ ਤੁਹਾਡੇ ਗਿਆਨ ਵਿੱਚ ਵਾਧਾ ਕਰਨਗੇ, ਉੱਥੇ ਤੁਹਾਨੂੰ ਬੋਰਡ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਵੀ ਤਿਆਰ ਕਰਨ ਵਿੱਚ ਸਹਾਇਕ ਹੋਣਗੇ। ਤੁਹਾਡੀਆਂ ਅਭਿਆਸ ਪੁਸਤਕਾਂ ਵਿੱਚ ਪਹਿਲਾਂ ਹੀ ਅਭਿਆਸੀ ਪ੍ਰਸ਼ਨ ਦਿੱਤੇ ਗਏ ਹਨ, ਉਹਨਾਂ ਦੇ ਨਾਲ-ਨਾਲ ਹੋਰ ਵੀ ਪ੍ਰਸ਼ਨ ਲਿਖੇ ਹਨ। ਸਾਨੂੰ ਉਮੀਦ ਹੈ ਕਿ ਇਹਨਾਂ ਪ੍ਰਸ਼ਨਾਂ ਦਾ ਤੁਹਾਨੂੰ ਪੂਰਾ ਲਾਭ ਹੋਵੇਗਾ ਤੇ ਭਵਿੱਖ ਵਿੱਚ ਤੁਸੀਂ ਤਰੱਕੀ ਦੇ ਰਾਹ ਤੇ ਜਾਉਗੇ ਅਤੇ ਆਪਣੀ ਮੰਜ਼ਿਲ ਪ੍ਰਾਪਤ ਕਰ ਲਵੋਗੇ। ਕਿਸੇ ਵੀ ਸੁਝਾਓ ਜਾਂ ਪੁੱਛਗਿੱਛ ਲਈ ਹੇਠ ਲਿਖੇ ਵਿਸ਼ਾ ਮਾਹਿਰ ਅਧਿਆਪਕਾਂ ਨਾਲ ਗੱਲ ਕੀਤੀ ਜਾ ਸਕਦੀ ਹੈ।


**ਸ੍ਰੀਮਤੀ ਦਵਿੰਦਰ ਕੌਰ**
ਲੈਕਚਰਾਰ ਹਿਸਟਰੀ
ਸ.ਸ.ਸ.ਸ. ਸਹੋੜਾਂ
ਜਿਲ੍ਹਾ ਸ.ਅ.ਸ. ਨਗਰ
ਮੋ: 95[redacted]168387[redacted]

**ਸ੍ਰੀਮਤੀ ਦੇਵਿਕਾ**
ਸ.ਸ. ਮਿਸਟ੍ਰੈੱਸ
ਸ.ਮਿ.ਸ.ਫੇਜ਼-2
ਜਿਲ੍ਹਾ ਸ.ਅ.ਸ. ਨਗਰ
ਮੋ: 8699816692

**ਸ. ਹਰਦਵਿੰਦਰ ਸਿੰਘ**
ਸ.ਸ. ਮਾਸਟਰ
ਸ.ਹ.ਸ. ਮੀਆਂਪੁਰ ਚੰਗਰ
ਜਿਲ੍ਹਾ ਸ.ਅ.ਸ. ਨਗਰ
ਮੋ: 9914484844

# ਜਮਾਤ : ਅੱਠਵੀਂ

# ਸਮਾਜਿਕ ਸਿੱਖਿਆ

# ਜਮਾਤ : ਅੱਠਵੀਂ
# ਸਮਾਜਿਕ ਸਿੱਖਿਆ
# ਭਾਗ (ੳ) – ਭੂਗੋਲ

## SA – 2
## ਪ੍ਰਸ਼ਨ ਬੈਂਕ

## ਉਦਯੋਗਿਕ ਵਿਕਾਸ

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਵਸਤੂ ਨਿਰਮਾਣ ਕਿਰਿਆ ਕਿਸ ਨੂ ਕਹਿੰਦੇ ਹਨ?
2. ਉਦਯੋਗਾਂ ਨੂੰ ਕਿਹੜੇ–2 ਤੱਤ ਪ੍ਰਭਾਵਿਤ ਕਰਦੇ ਹਨ?
3. ਆਕਾਰ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਲਿਖੋ?
4. ਭਾਰੇ ਉਦਯੋਗ ਕਿਸ ਨੂੰ ਆਖਦੇ ਹਨ?
5. ਨਿੱਜੀ ਖੇਤਰ ਦੇ ਉਦਯੋਗ ਕਿਸ ਨੂੰ ਕਹਿੰਦੇ ਹਨ?
6. ਖੇਤੀ ਤੇ ਆਧਾਰਿਤ ਉਦਯੋਗਾਂ ਵਿੱਚ ਕਿਹੜੇ ਕੱਚੇ ਮਾਲ ਦੀ ਵਰਤੋ ਕੀਤੀ ਜਾਂਦੀ ਹੈ?
7. ਕਿਸੇ ਦੇਸ਼ ਦੇ ਆਰਥਿਕ ਵਿਕਾਸ ਦਾ ਸਹੀ ਅੰਦਾਜ਼ਾ ਕਿਵੇਂ ਲਗਾਇਆ ਜਾਂਦਾ ਹੈ?
8. ਆਟੋ–ਮੋਬਾਈਲ ਉਦਯੋਗ ਦੀ ਸ਼ੁਰੂਆਤ ਕਦੋਂ ਹੋਈ?
9. ਸਮੁੰਦਰੀ ਜਹਾਜ਼ਾਂ ਦੇ ਉਦਯੋਗ ਭਾਰਤ ਵਿੱਚ ਕਿੱਥੇ–ਕਿੱਥੇ ਹਨ?

**50–60 ਸ਼ਬਦਾਂ ਵਾਲੇ ਪ੍ਰਸ਼ਨ**

1. ਉਦਯੋਗਾਂ ਦੀ ਮਨੁੱਖੀ ਜੀਵਨ ਵਿੱਚ ਕੀ ਮਹੱਤਤਾ ਹੈ?
2. ਕੱਚੇ ਮਾਲ ਦੇ ਆਧਾਰ ਤੇ ਉਦਯੋਗਾਂ ਦੀਆਂ ਕਿਸਮਾਂ ਬਾਰੇ ਦੱਸੋ?
3. ਭਾਰੇ ਤੇ ਹਲਕੇ ਉਦਯੋਗਾਂ ਵਿੱਚ ਅੰਤਰ ਸਪਸ਼ਟ ਕਰੋ?
4. ਉਦਯੋਗਾਂ ਦੇ ਵਿਕਾਸ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਕੀ ਭੂਮਿਕਾ ਹੈ?
5. ਕੱਚਾ ਮਾਲ ਅਤੇ ਸ਼ਕਤੀ ਸਾਧਨ ਉਦਯੋਗਾਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?
6. ਕੱਪੜਾ ਅਤੇ ਲੋਹਾ ਇਸਪਾਤ ਉਦਯੋਗ ਲਈ ਮੁੱਖ ਦੇਸ਼ ਕਿਹੜੇ–ਕਿਹੜੇ ਹਨ?
7. ਕੱਪੜਾ ਉਦਯੋਗ ਵਿੱਚ ਭਾਰਤ ਦੇ ਤਿੰਨ ਕੇਂਦਰਾਂ ਦੇ ਨਾਂ ਲਿਖੋ ਜਿੱਥੇ ਕੱਪੜਾ ਉਦਯੋਗ ਲਗਾਇਆ

ਗਿਆ ਹੈ।

8. ਹਵਾਈ ਜਹਾਜ਼ਾਂ ਦੀ ਵਰਤੋਂ ਕਿੱਥੇ ਹੁੰਦੀ ਹੈ ਅਤੇ ਭਾਰਤ ਵਿੱਚ ਹਵਾਈ ਜਹਾਜ਼ ਬਣਾਉਣ ਵਾਲੇ ਮੁੱਖ ਕੇਂਦਰ ਕਿਹੜੇ ਹਨ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਕਿਹੜੇ ਦੇਸ਼ ਨੂੰ ਕੱਪੜਾ ਉਦਯੋਗ ਵਿੱਚ ਮੋਹਰੀ ਮੰਨਿਆ ਜਾਂਦਾ ਹੈ?

   (i) ਇੰਗਲੈਂਡ (ii) ਫਰਾਂਸ (iii) ਹੰਗਰੀ (iv) ਸੀਰੀਆ

2. ਆਕਾਰ ਦੇ ਆਧਾਰ ਤੇ ਉਦਯੋਗਾਂ ਦੀ ਕਿੰਨੀਆਂ ਕਿਸਮਾਂ ਹਨ?

   (i) 3 (ii) 4 (iii) 5 (iv) 6

3. ਹੀਰੋ ਸਾਈਕਲ ਉਦਯੋਗ ਕਿਹੜੀ ਕਿਸਮ ਦਾ ਉਦਯੋਗ ਹੈ?

   (i) ਸਰਕਾਰੀ ਖੇਤਰ (ii) ਸਹਿਕਾਰੀ ਖੇਤਰ (iii) ਸਾਂਝੇ ਖੇਤਰ (iv) ਨਿੱਜੀ ਖੇਤਰ

4. ਆਟੋਮੋਬਾਈਲ ਉਦਯੋਗ ਦੀ ਸ਼ੁਰੂਆਤ ਕਿਹੜੀ ਸਦੀ ਦੇ ਅੰਤ ਵਿੱਚ ਹੋਈ?

   (i) 17ਵੀਂ ਸਦੀ (ii) 18ਵੀਂ ਸਦੀ (iii) 2●ਵੀਂ ਸਦੀ (iv) 19ਵੀਂ ਸਦੀ

5. ਪੰਜਾਬ ਵਿੱਚ ਰੇਲ ਦੇ ਡੱਬੇ ਬਣਾਉਣ ਦਾ ਉਦਯੋਗ ਕਿਹੜੇ ਸ਼ਹਿਰ ਵਿੱਚ ਲੱਗਿਆ ਹੈ?

   (i) ਫਿਰੋਜ਼ਪੁਰ (ii) ਅੰਮ੍ਰਿਤਸਰ (iii) ਕਪੂਰਥਲਾ (iv) ਗੁਰਦਾਸਪੁਰ

**ਖਾਲੀ ਥਾਵਾਂ ਭਰੋ:–**

1. ਉਦਯੋਗਾਂ ਵਿੱਚ ਤਿਆਰ ਕੀਤੇ ਮਾਲ ਨੂੰ ਵੇਚਣ ਲਈ.....................ਦੀ ਨੇੜਤਾ ਹੋਣੀ ਚਾਹਦੀ ਹੈ।
2. ਖੇਤੀ ਆਧਾਰਿਤ ਉਦਯੋਗਾਂ ਵਿੱਚ ਕੱਚਾ ਮਾਲ ...........ਤੋਂ ਪ੍ਰਾਪਤ ਹੁੰਦਾ ਹੈ।
3. ਸਮੁੰਦਰੀ ਜਹਾਜਾਂ ਦੀ ਵਰਤੋ ..........ਨੂੰ ਇੱਕ ਥਾਂ ਤੋਂ ਦੂਜੀ ਥਾਂ ਤੱਥ ਲਿਜਾਣ ਲਈ ਕੀਤੀ ਜਾਂਦੀ ਹੈ।
4. ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ.................. ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ।
5. ਜਾਨਵਰਾਂ ਤੇ ਆਧਾਰਿਤ ਉਦਯੋਗ...................... ਕੱਪੜਾ ਉਦਯੋਗ ਹੈ।

**ਸਹੀ ਜਾਂ ਗਲਤ**

1. ਕਪਾਹ ਨੂੰ ਕੱਪੜ੍ਹਾ ਉਦਯੋਗ ਵਾਸਤੇ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਂਦਾ ਹੈ। ☐
2. ਲੋਹਾ ਇਸਪਾਤ ਉਦਯੋਗ ਹਲਕੇ ਉਦਯੋਗਾਂ ਨੂੰ ਕਿਹਾ ਜਾਂਦਾ ਹੈ। ☐
3. ਸਰਕਾਰੀ ਉਦਯੋਗ ਵਿੱਚ ਲਾਗਤ ਤੇ ਲਾਭ ਦਾ ਕੰਟਰੋਲ ਸਰਕਾਰ ਦਾ ਹੁੰਦਾ ਹੈ। ☐
4. ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ ਮਜ਼ਦੂਰਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ☐
5. ਖੇਤੀ ਆਧਾਰਿਤ ਉਦਯੋਗਾਂ ਵਿੱਚ ਜੰਗਲਾਂ ਤੋਂ ਪ੍ਰਾਪਤ ਕੱਚੇ ਮਾਲ ਦੀ ਵਰਤੋ ਕੀਤੀ ਜਾਂਦੀ ਹੈ। ☐

# ਮੁੱਖ ਉਦਯੋਗ

**1-15 ਸ਼ਬਦਾਂ ਵਾਲੇ ਪ੍ਰਸ਼ਨ**

1. ਲੋਹਾ-ਇਸਪਾਤ ਉਦਯੋਗ ਨੂੰ ਪਹਿਲੇ ਦਰਜੇ ਦਾ ਉਦਯੋਗ ਕਿਉਂ ਮੰਨਿਆ ਜਾਂਦਾ ਹੈ।
2. ਲੋਹਾ-ਇਸਪਾਤ ਉਦਯੋਗ ਨੂੰ ਲਗਾਉਣ ਵਾਸਤੇ ਲੋੜੀਂਦੀਆਂ ਹਾਲਤਾਂ ਕਿਹੜੀਆਂ-ਕਿਹੜੀਆਂ ਹਨ।
3. ਜਮਸ਼ੇਦਪੁਰ ਅਤੇ ਡੈਟਰੀਅਟ ਸ਼ਹਿਰ ਕਿੱਥੇ ਸਥਿਤ ਹਨ?
4. ਕੱਪੜੇ ਦਾ ਨਿਰਮਾਣ ਕਿਹੜੇ ਪਦਾਰਥਾਂ ਤੋਂ ਕੀਤਾ ਜਾਂਦਾ ਹੈ?
5. ਕੱਪੜਾ ਉਦਯੋਗ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?
6. ਰੇਸ਼ਮ ਕਿੱਥੋਂ ਪ੍ਰਾਪਤ ਕੀਤਾ ਜਾਂਦਾ ਹੈ?
7. ਕਪਾਹ ਦੀ ਕਿਹੜੀ ਕਿਸਮ ਸਭ ਤੋਂ ਵਧੀਆ ਮੰਨੀ ਜਾਂਦੀ ਹੈ?
8. ਸੂਚਨਾ ਤਕਨੀਕ ਉਦਯੋਗ ਵਿੱਚ ਭਾਰਤ ਨੇ ਕਿੰਨੀ ਕੁ ਤਰੱਕੀ ਕੀਤੀ ਹੈ?
9. ਬੰਗਲੌਰ ਵਿੱਚ ਕਿਹੜੀ-ਕਿਹੜੀ ਕਿਸਮ ਦੇ ਉਦਯੋਗ ਪਾਏ ਜਾਂਦੇ ਹਨ?
10. ਸਿਲੀਕਾਨ ਘਾਟੀ ਕਿੱਥੇ ਹੈ ਅਤੇ ਪਹਿਲਾਂ ਇਹ ਕਿਸ ਚੀਜ਼ ਲਈ ਮਸ਼ਹੂਰ ਹੁੰਦੀ ਸੀ?

**50-60 ਸ਼ਬਦਾਂ ਵਾਲੇ ਪ੍ਰਸ਼ਨ**

1. ਕੱਚੇ ਲੋਹੇ ਤੋਂ ਸਟੀਲ ਬਣਾਉਣ ਦੀ ਕ੍ਰਿਆ ਸਮਝਾਉ?
2. ਚੀਨ ਅਤੇ ਜਪਾਨ ਦੇ ਲੋਹਾ ਇਸਪਾਤ ਕੇਂਦਰਾਂ ਦੇ ਨਾਂ ਲਿਖੋ?
3. ਜਮਸ਼ੇਦਪੁਰ ਵਿੱਚ ਲੋਹਾ ਇਸਪਾਤ ਉਦਯੋਗ ਵਾਸਤੇ ਢੁੱਕਵੀਆਂ ਹਾਲਤਾਂ ਦੱਸੋ?
4. ਡੈਟਰੀਅਟ ਦੇ ਲੋਹਾ ਇਸਪਾਤ ਉਦਯੋਗ ਦੇ ਵਿਕਾਸ ਤੇ ਚਾਨਣਾ ਪਾਉ?
5. ਉੱਨੀ ਕੱਪੜਾ ਉਦਯੋਗ ਤੇ ਨੋਟ ਲਿਖੋ?
6. ਉਸਾਕਾ ਸ਼ਹਿਰ ਵਿੱਚ ਸੂਤੀ ਕੱਪੜਾ ਉਦਯੋਗ ਦੇ ਵਿਕਸਤ ਹੋਣ ਦੇ ਕਾਰਣ ਦੱਸੋ?
7. ਬੰਗਲੌਰ ਸ਼ਹਿਰ ਵਿੱਚ ਕਿਹੜੀਆਂ-ਕਿਹੜੀਆਂ ਹਾਲਤਾਂ ਸੂਚਨਾਂ ਤਕਨੀਕ ਲਈ ਢੁੱਕਵੀਆਂ ਹਨ?
8. ਸਿਲੀਕਾਨ ਘਾਟੀ ਦੇ ਸੂਚਨਾ ਤਕਨੀਕ ਉਦਯੋਗ ਦੇ ਵਿਕਾਸ ਤੇ ਨੋਟ ਲਿਖੋ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. 'ਮੈਰੀਨੋ' ਕਿਸਮ ਦੀ ਵਧੀਆ ਉੱਨ ਕਿਸ ਜਾਨਵਰ ਤੋਂ ਪ੍ਰਾਪਤ ਕੀਤੀ ਜਾਂਦੀ ਹੈ?

   (i) ਭੇਡ (ii) ਯਾਕ (iii) ਖਰਗੋਸ਼ (iv) ਊਠ

2. ਬੰਗਲੌਰ ਭਾਰਤ ਦੇ ਕਿਸ ਰਾਜ ਦੀ ਰਾਜਧਾਨੀ ਹੈ?

(i) ਗੁਜ਼ਰਾਤ (ii) ਕੇਰੇਲਾ (iii) ਕਰਨਾਟਕ (iv) ਮੁੰਮਬਈ

3. ਪਹਿਲੇ ਡਿਜ਼ੀਟਲ ਇਲੈਕਟ੍ਰਾਨਿਕ ਕੰਪਿਊਟਰ ਦਾ ਨਿਰਮਾਣ ਕਿਸ ਦੇਸ਼ ਵਿੱਚ ਕੀਤਾ ਗਿਆ?

(i) ਜਰਮਨੀ (ii) ਇੰਗਲੈਂਡ (iii) ਯੂ.ਐਸ.ਏ. (iv) ਜਪਾਨ

4. ਸਿਲੀਕਾਨ ਘਾਟੀ ਯੂ.ਐਸ.ਏ. ਦੇ ਕਿਸ ਰਾਜ ਵਿੱਚ ਸਥਿਤ ਹੈ?

(i) ਨਿਊਯਾਰਕ (ii) ਕੈਲੀਫੋਰਨੀਆ (iii) ਸ਼ਿਕਾਗੋ (iv) ਵਾਸ਼ਿੰਗਟਨ

5. ਟਾਟਾ ਆਇਰਨ ਅਤੇ ਸਟੀਲ ਕੰਪਨੀ ਕਿੱਥੇ ਸਥਾਪਿਤ ਹੈ?

(i) ਰੁੜਕੇਲਾ (ii) ਦੁਰਗਾਪੁਰ (iii) ਵਾਰਾਨਸੀ (iv) ਜਮਸ਼ੇਦਪੁਰ

**ਖਾਲੀ ਥਾਵਾਂ ਭਰੋ:–**

1. ........................ ਦੇਸ਼ ਕੋਲ ਲੋਹਾ ਇਸਪਾਤ ਉਦਯੋਗ ਲਈ ਕੱਚੇ ਮਾਲ ਦੀ ਘਾਟ ਹੈ।
2. ਸੂਤੀ ਕਪੜਾ ਉਦਯੋਗ ਕੁਦਰਤੀ ਰੇਸ਼ੇ .....................ਤੇ ਆਧਾਰਿਤ ਹੈ।
3. ........................... ਸ਼ਹਿਰ ਨੂੰ ਜਪਾਨ ਦਾ ਮਾਨਚੈਸਟਰ ਕਿਹਾ ਜਾਂਦਾ ਹੈ।
4. ....................... ...ਸ਼ਹਿਰ ਨੂੰ ਭਾਰਤ ਦੀ 'ਸਿਲੀਕਾਨ ਘਾਟੀ' ਕਿਹਾ ਜਾਂਦਾ ਹੈ।
5. ਚੀਨ ਇਸ ਵੇਲੇ ਸੰਸਾਰ ਦਾ ਸਭ ਤੋਂ ਵੱਡਾ.......................ਉਤਪਾਦਕ ਦੇਸ਼ ਹੈ।

**ਸਹੀ ਜਾਂ ਗਲਤ**

1. ਲੋਹਾ ਇਸਪਾਤ ਉਦਯੋਗ ਨੂੰ ਮੁੱਢਲੇ ਜਾਂ ਪਹਿਲੇ ਦਰਜੇ ਦਾ ਉਦਯੋਗ ਮੰਨਿਆ ਜਾਂਦਾ ਹੈ। ☐
2. ਊਨੀ ਕੱਪੜਾ ਉਦਯੋਗ ਜਾਨਵਰਾਂ ਦੇ ਵਾਲਾਂ ਤੇ ਨਿਰਭਰ ਨਹੀਂ ਕਰਦਾ। ☐
3. ਲੰਬੇ ਰੇਸ਼ੇ ਵਾਲੀ ਕਪਾਹ ਵਧੀਆ ਦੀ ਕਿਸਮ ਨਹੀਂ ਮੰਨੀ ਜਾਂਦੀ। ☐
4. ਸੱਭ ਤੋਂ ਪਹਿਲਾਂ ਕੰਪਿਊਟਰ ਦਾ ਨਿਰਮਾਣ ਭਾਰਤ ਵਿੱਚ ਕੀਤਾ ਗਿਆ। ☐
5. ਅਹਿਮਦਾਬਾਦ ਸਾਬਰਮਤੀ ਦਰਿਆ ਦੇ ਕੰਢੇ ਤੇ ਸਥਿਤ ਹੈ। ☐

# ਮਨੁੱਖੀ ਸਾਧਨ

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਜਨਗਣਨਾ ਤੋਂ ਕੀ ਭਾਵ ਹੈ?
2. ਲਿੰਗ ਅਨੁਪਾਤ ਕਿਸ ਨੂੰ ਕਹਿੰਦੇ ਹਨ?
3. ਲਿੰਗ ਅਨੁਪਾਤ ਕਿਵੇਂ ਕੱਢਿਆ ਜਾਂਦਾ ਹੈ?
4. ਕੁਦਰਤੀ ਵਾਧਾ ਦਰ ਤੋਂ ਕੀ ਭਾਵ ਹੈ, ਉਦਾਹਰਣ ਦਿਉ?
5. ਜਨਮ ਦਰ ਕਿਸ ਨੂੰ ਕਹਿੰਦੇ ਹਨ?
6. ਮੌਤ ਦਰ ਕਿਸ ਨੂੰ ਕਹਿੰਦੇ ਹਨ?
7. ਵਸੋਂ ਦੀ ਘਣਤਾ ਤੋਂ ਕੀ ਭਾਵ ਹੈ?
8. ਵਸੋਂ ਵੰਡ ਅਤੇ ਵਸੋਂ ਦੀ ਘਣਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਦੱਸੋ?
9. ਕੰਨਿਆ ਭਰੂਣ ਹੱਤਿਆ ਕਿਸ ਨੂੰ ਕਹਿੰਦੇ ਹਨ?
10. ਜਨ ਸੰਖਿਆ ਨੂੰ ਮੁੱਖ ਤੌਰ ਤੇ ਕਿਹੜੇ–ਕਿਹੜੇ ਉਮਰ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ?
11. ਸਾਖਰ ਕਿਸ ਨੂੰ ਆਖਦੇ ਹਨ?
12. ਵਿਕਾਸਸ਼ੀਲ ਦੇਸ਼ਾਂ ਵਿੱਚ ਪੜ੍ਹਨ ਦਾ ਮੌਕਾ ਕਿਉਂ ਨਹੀਂ ਮਿਲਦਾ?
13. ਭਾਰਤ ਦੇਸ਼ ਵਿੱਚ ਪ੍ਰਾਈਮਰੀ ਅਤੇ ਅਪਰ ਪ੍ਰਾਈਮਰੀ ਸਕੂਲਾਂ ਦੀ ਗਿਣਤੀ ਦੱਸੋ?
14. ਸਰਵ ਸਿੱਖਿਆ ਅਭਿਆਨ ਦਾ ਮੁੱਖ ਟੀਚਾ ਕੀ ਹੈ?

**5●–6● ਸ਼ਬਦਾਂ ਵਾਲੇ ਪ੍ਰਸ਼ਨ**

1. ਮਨੁੱਖੀ ਸਾਧਨਾਂ ਦੀ ਮਹੱਤਤਾ ਤੇ ਨੋਟ ਲਿਖੋ?
2. ਲਿੰਗ ਅਨੁਪਾਤ ਕੀ ਹੈ? ਇਸ ਦੇ ਘੱਟਣ ਲਈ ਕਿਹੜੇ ਤੱਤ ਜ਼ਿੰਮੇਵਾਰ ਹਨ?
3. ਭਾਰਤ ਵਿੱਚ ●–14 ਸਾਲ ਦੇ ਉਮਰ ਗਰੁੱਪ ਦੀ ਪ੍ਰਤੀਸ਼ਤਤਾ ਕਿੰਨੀ ਹੈ?
4. ਸਰਕਾਰ ਨੂੰ ਉਮਰ ਗਰੁੱਪ ਅਨੁਸਾਰ ਕੀ ਉਪਰਾਲੇ ਕਰਨੇ ਚਾਹੀਦੇ ਹਨ?
5. ਵਸੋਂ ਪ੍ਰੀਵਰਤਨ ਕਿਵੇਂ ਹੁੰਦਾ ਹੈ। ਵਿਸਥਾਰ ਨਾਲ ਸਮਝਾਉ?
6. ਭਾਰਤ ਵਿੱਚ ਵਸੋਂ ਦੀ ਵੰਡ ਤੇ ਨੋਟ ਲਿਖੋ?
7. ਸੰਸਾਰ ਵਿੱਚ ਵਸੋਂ ਦੀ ਘਣਤਾ ਬਾਰੇ ਦੱਸਦੇ ਹੋਏ ਵੱਧ ਅਤੇ ਘੱਟ ਘਣਤਾ ਵਾਲੇ ਖੇਤਰਾਂ ਦਾ ਵਰਨਣ ਕਰੋ?
8. ਸੰਘਣੀ ਵਸੋਂ ਦੇ ਲਾਭ ਤੇ ਹਾਨੀਆਂ ਦੱਸੋ?
9. ਵਿਰਲੀ ਵਸੋਂ ਦੀਆਂ ਲਾਭ ਤੇ ਹਾਨੀਆਂ ਦੱਸੋ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਜਨਸੰਖਿਆ ਦੀ ਗਿਣਤੀ ਕਿੰਨੇ ਸਾਲਾਂ ਬਾਅਦ ਕੀਤੀ ਜਾਂਦੀ ਹੈ?

   (i) 2● (ii) 1● (iii) 3● (iv) 15

2. ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਕਿਹੜਾ ਹੈ?

   (i) ਜਪਾਨ (ii) ਚੀਨ (iii) ਭਾਰਤ (iv) ਸ੍ਰੀਲੰਕਾ

3. ਭਾਰਤ ਦੇ ਕਿਹੜੇ ਰਾਜ ਦੇ ਲੋਕ ਸਭ ਤੋਂ ਵੱਧ ਪੜ੍ਹੇ-ਲਿਖੇ ਹਨ?

   (i) ਕਰਨਾਟਕ (ii) ਪੰਜਾਬ (iii) ਕੇਰਲ (iv) ਗੁਜਰਾਤ

4. ਭਾਰਤ ਦਾ ਖੇਤਰਫਲ ਕਿੰਨੇ ਵਰਗ ਕਿਲੋਮੀਟਰ ਹੈ?

   (i) 3.25 (ii) 3.28 (iii) 3.35 (iv) 3.4●

5. ਭਾਰਤ ਵਿੱਚ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਕਦੋਂ ਸ਼ੁਰੂ ਕੀਤਾ ਗਿਆ?

   (i) 2●1● (ii) 2●●5 (iii) 2●●● (iv) 2●●8

**ਖਾਲੀ ਥਾਵਾਂ ਭਰੋ:-**

1. ਜਨਮ ਦਰ ਅਤੇ ਮੌਤ ਦਰ ਦੇ ਅੰਤਰ ਨੂੰ.......................ਕਿਹਾ ਜਾਂਦਾ ਹੈ।
2. ਵੱਸੋਂ ਦੀ ਗਿਣਤੀ ਕਰਨ ਨੂੰ ...................ਕਿਹਾ ਜਾਂਦਾ ਹੈ।
3. ਭਾਰਤ ਦੇਸ਼ ਦੇ ........................ ਰਾਜਾਂ ਵਿੱਚ ਜਨਸੰਖਿਆ ਘੱਟ ਹੈ।
4. ਜੋ ਵਿਅਕਤੀ ਕਿਸੇ ਵੀ ਭਾਸ਼ਾ ਵਿੱਚ ਪੜ੍ਹ, ਲਿਖ ਅਤੇ ਸਮਝ ਸਕਦਾ ਹੈ, ਉਸ ਨੂੰ.................ਕਿਹਾ ਜਾਂਦਾ ਹੈ।
5. ਭਾਰਤ ਦੇ ....................ਰਾਜ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਤੋਂ ਜਿਆਦਾ ਹੈ।

**ਸਹੀ ਜਾਂ ਗਲਤ**

1. ਜਨਸੰਖਿਆ ਦੀ ਗਿਣਤੀ ਹਰ 5 ਸਾਲ ਬਾਅਦ ਕੀਤੀ ਜਾਂਦੀ ਹੈ। ☐
2. ਕੁੜੀਆਂ ਨੂੰ ਕੁੱਖ ਵਿੱਚ ਮਾਰ ਦੇਣ ਨੂੰ ਭਰੂਣ ਹੱਤਿਆ ਕਹਿੰਦੇ ਹਨ। ☐
3. ਸਾਖਰਤਾ ਦਾ ਅਰਥ ਲੋਕਾਂ ਦਾ ਪੜ੍ਹਿਆ ਲਿਖਿਆ ਨਾਂ ਹੋਣਾ ਹੈ। ☐
4. ਲਿੰਗ ਬਣਤਰ ਤੋਂ ਭਾਵ ਔਰਤਾਂ ਤੇ ਮਰਦਾਂ ਦੀ ਗਿਣਤੀ ਵਿੱਚ ਸੰਬੰਧ ਤੋਂ ਹੈ। ☐
5. ਦੇਸ਼ ਦੀ ਤੱਰਕੀ ਦਾ ਆਧਾਰ ਗੁਣਵੱਤਾ ਵਾਲੀ ਜਨਸੰਖਿਆ ਹੁੰਦੀ ਹੈ। ☐

# ਆਫ਼ਤ ਪ੍ਰਬੰਧਨ

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਆਫ਼ਤਾਂ ਤੋਂ ਕੀ ਭਾਵ ਹੈ?
2. ਕੁਦਰਤੀ ਆਫ਼ਤਾਂ ਕੀ ਹੁੰਦੀਆਂ ਹਨ, ਉਦਾਹਰਣਾਂ ਦਿਉ?
3. ਮਨੁੱਖੀ ਆਫ਼ਤਾਂ ਕੀ ਹੁੰਦੀਆਂ ਹਨ, ਉਦਾਹਰਣਾਂ ਦਿਉ?
4. ਆਫ਼ਤ ਪ੍ਰਬੰਧਨ ਤੋਂ ਕੀ ਭਾਵ ਹੈ?
5. ਰਿਕਟਰ ਪੈਮਾਨਾ ਕੀ ਹੁੰਦਾ ਹੈ?
6. ਮਰਕਾਲੀ ਪੈਮਾਨਾ ਕੀ ਹੁੰਦਾ ਹੈ?
7. ਭੂਚਾਲ ਕਿਸ ਨੂੰ ਕਹਿੰਦੇ ਹਨ?
8. ਜਵਾਲਾਮੁਖੀ ਕੀ ਹੁੰਦੇ ਹਨ?
9. ਸੁਨਾਮੀ ਤੋਂ ਕੀ ਭਾਵ ਹੈ?
10. ਹੜ੍ਹ ਆਉਣ ਦੇ ਦੋ ਮੁੱਖ ਕਾਰਨ ਦੱਸੋ?
11. ਚੱਕਰਵਾਤ ਕਿਸ ਨੂੰ ਕਹਿੰਦੇ ਹਨ?
12. ਭੂਮੀ ਖਿਸਕਣ ਤੋਂ ਕੀ ਭਾਵ ਹੈ?
13. ਮਹਾਂਮਾਰੀ ਤੋਂ ਤੁਹਾਡਾ ਕੀ ਭਾਵ ਹੈ?
14. ਭੂਮੀ ਖਿਸਕਣ ਦੇ ਕਿਹੜੇ ਕਾਰਨ ਹੋ ਸਕਦੇ ਹਨ?

**50–60 ਸ਼ਬਦਾਂ ਵਾਲੇ ਪ੍ਰਸ਼ਨ**

1. ਆਫ਼ਤਾਂ ਮਨੁੱਖ ਨੂੰ ਕਿਸ ਤਰਾਂ ਪ੍ਰਭਾਵਿਤ ਕਰਦੀਆਂ ਹਨ?
2. ਭੂਚਾਲ ਕੀ ਹੁੰਦੇ ਹਨ, ਭੂਚਾਲ ਤੀਬਰਤਾਂ ਨੂੰ ਕਿਵੇਂ ਮਾਪਿਆਂ ਜਾਂਦਾ ਹੈ?
3. ਭੂਚਾਲ ਆਫ਼ਤ ਪ੍ਰਬੰਧਨ ਵਿੱਚ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?
4. ਜਵਾਲਾਮੁਖੀ ਅਤੇ ਸੁਨਾਮੀ ਤੋਂ ਬਚਾਅ ਵਾਸਤੇ ਕੀ-ਕੀ ਪ੍ਰਬੰਧ ਕਰਨੇ ਚਾਹੀਦੇ ਹਨ?
5. ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?
6. ਕਿਹੜੇ-ਕਿਹੜੇ ਉਪਾਅ ਸਾਨੂੰ ਮਹਾਂਮਾਰੀ ਵਰਗੀ ਆਫ਼ਤ ਤੋਂ ਬਚਾ ਸਕਦੇ ਹਨ?

**ਬਹੁ ਭਾਂਤੀ ਉੱਤਰਾਂ ਵਾਲੇ ਪ੍ਰਸ਼ਨ**

1. ਹੇਠ ਲਿਖਿਆਂ ਵਿੱਚੋਂ ਮਨੁੱਖੀ ਆਫ਼ਤਾਂ ਕਿਹੜੀਆਂ ਹਨ?

   (i) ਭੂਚਾਲ (ii) ਜਵਾਲਾਮੁੱਖੀ (iii) ਬੰਬ ਧਮਾਕੇ (iv) ਸੁਨਾਮੀ

2. ਭੂਚਾਲ ਮਾਪੀ ਯੰਤਰ ਨੂੰ ਕੀ ਕਹਿੰਦੇ ਹਨ?

   (i) ਥਰਮਾਮੀਟਰ (ii) ਸੀਜ਼ਮੋਗ੍ਰਾਫ਼ (iii) ਬੈਰੋਮੀਟਰ (iv) ਕਰੋਨੋਮੀਟਰ

3. ਲਾਵੇ ਦੀ ਧਰਤੀ ਤੇ ਆਉਣ ਦੀ ਕਿਰਿਆ ਨੂੰ ਕੀ ਕਹਿੰਦੇ ਹਨ?

   (i) ਭੂਚਾਲ (ii) ਹੜ੍ਹ (iii) ਚੱਕਰਵਾਤ (iv) ਜਵਾਲਾਮੁੱਖੀ

4. ਉੱਤਰੀ ਅਮਰੀਕਾ ਵਿੱਚ ਚੱਕਰਵਾਤਾਂ ਨੂੰ ਕੀ ਕਿਹਾ ਜਾਂਦਾ ਹੈ?

   (i) ਹਰੀਕੇਨ (ii) ਟੌਰਨੈਡੋ (iii) ਟਾਈਫੂਨ (iv) ਤੂਫਾਨ

5. 26 ਦਸੰਬਰ 2004 ਨੂੰ ਸੁਨਾਮੀ ਕਿਹੜੇ ਮਹਾਂਸਾਗਰ ਵਿੱਚ ਆਈ ਸੀ?

   (i) ਅੰਧ ਮਹਾਂਸਾਗਰ (ii) ਸ਼ਾਂਤ ਮਹਾਂਸਾਗਰ (iii) ਦੱਖਣੀ ਮਹਾਂਸਾਗਰ

   (iv) ਹਿੰਦ ਮਹਾਂਸਾਗਰ

**ਖਾਲੀ ਥਾਵਾਂ ਭਰੋ:–**

1. ਚੱਕਰਵਾਤਾਂ ਦੀ ਗਤੀ..................ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੁੰਦੀ ਹੈ।
2. ਸੰਸਾਰ ਦੇ ਜ਼ਿਆਦਾਤਰ ਜਵਾਲਾਮੁਖੀ........................ਦੇ 'ਅੱਗ ਦੇ ਚੱਕਰ' ਵਿੱਚ ਹੀ ਮਿਲਦੇ ਹਨ।
3. ਧਰਤੀ ਦੇ ਹਿੱਲਣ ਨੂੰ ਅਸੀਂ.................... ਦਾ ਨਾਂ ਦਿੰਦੇ ਹਾਂ।
4. ਫ਼ਸਲਾਂ, ਪਸ਼ੂ ਅਤੇ ਮਨੁੱਖਾਂ ਲਈ ਲੋੜੀਂਦੇ ਪਾਣੀ ਸਾਧਨ ਦੀ ਘਾਟ ਨੂੰ.................... ਕਹਿੰਦੇ ਹਨ।
5. ਜਦੋਂ ਇੱਕ ਬਿਮਾਰੀ ਫੈਲ ਕੇ ਬਹੁਤ ਵੱਡੇ ਪੱਧਰ ਤੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਇਸਨੂੰ................. ਦਾ ਨਾਂ ਦਿੱਤਾ ਜਾਂਦਾ ਹੈ।

**ਸਹੀ ਜਾਂ ਗਲਤ**

1. ਬੰਬ ਧਮਾਕਾ ਇੱਕ ਕੁਦਰਤੀ ਆਫਤ ਹੈ। ☐
2. ਸੋਕੇ ਤੋਂ ਭਾਵ ਫਸਲਾਂ, ਪਸ਼ੂ ਤੇ ਮਨੁੱਖ ਲਈ ਪਾਣੀ ਦੇ ਸਾਧਨ ਦੀ ਘਾਟ ਹੋ ਜਾਣ ਤੋਂ ਹੈ। ☐
3. ਲਾਵਾ ਦਾ ਧਰਤੀ ਤੇ ਆਉਣ ਦੀ ਕਿਰਿਆ ਨੂੰ ਜਵਾਲਾਮੁੱਖੀ ਕਿਹਾ ਜਾਂਦਾ ਹੈ। ☐
4. ਚੱਕਰਵਾਤ ਹਵਾ ਦੇ ਵੱਧ ਦਬਾਅ ਕਾਰਨ ਪੈਦਾ ਹੁੰਦੇ ਹਨ। ☐
5. ਭੂਚਾਲ ਆਉਣ ਨਾਲ ਧਰਤੀ ਤੇ ਬਹੁਤ ਤਬਾਹੀ ਹੁੰਦੀ ਹੈ। ☐

## ਮੈਪ ਵਰਕ

**ਭਾਰਤ ਦੇ ਨਕਸ਼ੇ ਤੇ ਦਰਸਾਉ:**

1. ਸੂਤੀ ਕੱਪੜਾ ਉਦਯੋਗ ਦੇ ਦੋ ਪ੍ਰਸਿੱਧ ਕੇਂਦਰਾਂ
2. ਸਮੁੰਦਰੀ ਜ਼ਹਾਜ ਦੇ ਕਾਰਖਾਨੇ ਵਿਸ਼ਾਖਾਪਟਨਮ ਤੇ ਕੋਚੀਨ
3. ਲੋਹਾ ਇਸਪਾਤ ਉਦਯੋਗ ਦੇ ਦੋ ਪ੍ਰਸਿੱਧ ਰਾਜ ਅਤੇ ਦੋ ਪ੍ਰਸਿੱਧ ਕੇਂਦਰ
4. ਚਾਹ ਪੈਦਾ ਕਰਨ ਵਾਲਾ ਕੋਈ ਇੱਕ ਰਾਜ
5. ਸੋਨਾ ਪੈਦਾ ਕਰਨ ਵਾਲਾ ਰਾਜ
6. ਕਾਲੀ ਮਿੱਟੀ ਦਾ ਰਾਜ
7. ਰਾਜਸਥਾਨ
8. ਕੱਪੜਾ ਉਦਯੋਗ ਦੇ ਦੋ ਪ੍ਰਸਿੱਧ ਰਾਜ ਅਤੇ ਦੋ ਪ੍ਰਸਿੱਧ ਕੇਂਦਰ
9. ਆਟੋ-ਮੋਬਾਇਲ ਉਦਯੋਗ ਦੇ ਕਾਨਪੁਰ, ਚੇਨਈ ਅਤੇ ਮੁੰਬਈ ਕੇਂਦਰ
10. ਸਮੁੰਦਰੀ ਜਹਾਜ਼ ਬਣਾਉਣ ਦੇ ਦੋ ਕੇਂਦਰ
11. ਚਿਤਰੰਜਨ, ਕਪੂਰਥਲਾ ਅਤੇ ਲਖਨਊ
12. ਸੂਚਨਾਂ ਤਕਨੀਕ ਉਦਯੋਗ ਦੇ ਦੋ ਕੇਂਦਰ
13. ਅਹਿਮਦਾਬਾਦ, ਜਮਸ਼ੇਦਪੁਰ ਅਤੇ ਬੰਗਲੌਰ ਸ਼ਹਿਰ
14. ਸਭ ਤੋਂ ਵੱਧ ਵਸੋਂ ਘਣਤਾ ਵਾਲਾ ਰਾਜ
15. ਸਭ ਤੋਂ ਘੱਟ ਵਸੋਂ ਘਣਤਾ ਵਾਲਾ ਰਾਜ
16. ਸਭ ਤੋਂ ਵੱਧ ਵਸੋਂ ਦੀ ਗਿਣਤੀ ਵਾਲਾ ਰਾਜ
17. ਸਭ ਤੋਂ ਘੱਟ ਵਸੋਂ ਦੀ ਗਿਣਤੀ ਵਾਲਾ ਰਾਜ
18. ਸਭ ਤੋਂ ਵੱਧ ਸਾਖ਼ਰਤਾ ਦਰ ਵਾਲਾ ਰਾਜ
19. ਸਭ ਤੋਂ ਘੱਟ ਸਾਖ਼ਰਤਾ ਦਰ ਵਾਲਾ ਰਾਜ
20. ਸਭ ਤੋਂ ਘੱਟ ਲਿੰਗ ਅਨੁਪਾਤ ਵਾਲਾ ਰਾਜ
21. ਸਭ ਤੋਂ ਵੱਧ ਲਿੰਗ ਅਨੁਪਾਤ ਵਾਲਾ ਰਾਜ

----------

# ਭਾਗ–ਅ (ਇਤਿਹਾਸ)

### 1–15 ਸ਼ਬਦਾਂ ਵਾਲੇ ਪ੍ਰਸ਼ਨ

## ਇਸਤਰੀਆਂ ਅਤੇ ਸੁਧਾਰ

1. ਸਤੀ–ਪ੍ਰਥਾ ਨੂੰ ਕਦੋਂ, ਕਿਸ ਨੇ ਅਤੇ ਕਿਸ ਦੇ ਯਤਨਾਂ ਸਦਕਾ ਗ਼ੈਰ–ਕਾਨੂੰਨੀ ਘੋਸ਼ਿਤ ਕੀਤਾ ਗਿਆ?
2. ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ?
3. ਕਿਸ ਸਾਲ ਵਿੱਚ ਵਿਧਵਾ ਵਿਆਹ ਕਰਾਉਣ ਦੀ ਕਾਨੂੰਨੀ ਤੌਰ ਤੇ ਆਗਿਆ ਦਿੱਤੀ ਗਈ?
4. ਨਾਮਧਾਰੀ ਲਹਿਰ ਦੀ ਸਥਾਪਨਾ ਕਿਸਨੇ ਅਤੇ ਕਦੋਂ ਕੀਤੀ?
5. ਦੂਜੇ ਵਿਆਹ ਤੇ ਪਾਬੰਦੀ ਕਦੋਂ ਅਤੇ ਕਿਸ ਦੇ ਯਤਨਾਂ ਸਦਕਾ ਲਗਾਈ ਗਈ ਸੀ?

### 50–60 ਸ਼ਬਦਾਂ ਵਾਲੇ ਪ੍ਰਸ਼ਨ

1. ਰਾਜਾਰਾਮ ਮੋਹਨ ਰਾਏ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਬਾਰੇ ਪਾਏ ਗਏ ਯੋਗਦਾਨ ਦਾ ਵਰਨਣ ਕਰੋ।
2. ਸਰ ਸੱਯਦ ਅਹਿਮਦ ਖਾਂ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ ਕੀਤਾ?
3. ਈਸ਼ਵਰ ਚੰਦਰ ਵਿਦਿਆਰ ਸਾਗਰ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਸਬੰਧੀ ਕੀ ਯੋਗਦਾਨ ਦਿੱਤਾ ਗਿਆ?
4. ਸਰ ਸੱਯਦ ਅਹਿਮਦ ਖਾਂ ਦੁਆਰਾ ਇਸਤਰੀਆਂ ਦੀ ਹਾਲਤ ਸੁਧਾਰਨ ਸਬੰਧੀ ਕਿਹੜੇ ਯਤਨ ਕੀਤੇ ਗਏ?

**ਖਾਲੀ ਸਥਾਨ ਭਰੋ :** 5

1. ਛੂਤਛਾਤ ਦਾ ________ ਨੇ ਵਿਰੋਧ ਕੀਤਾ।
2. 1872 ਈ. ਵਿੱਚ ਕੇਸ਼ਵ ਚੰਦਰ ਸੇਨ ਦੁਆਰਾ ________ ਤੇ ਪਾਬੰਦੀ ਲਗਾਈ ਗਈ।
3. ਹਿੰਦੂ ਸਮਾਜ ਵਿੱਚ ਇਸਤਰੀਆਂ ਨੂੰ ________ ਜਾਇਦਾਦ ਲੈਣ ਦਾ ਅਧਿਕਾਰ ਨਹੀਂ ਸੀ।
4. ਸਮਾਜ ਚਾਰ ਵਰਗਾਂ ਬ੍ਰਾਹਮਣ, ਕਸ਼ਤੱਰੀ ________ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ।
5. ਤਲਾਕ ਪ੍ਰਥਾ ਦਾ ________ ਨੇ ਵਿਰੋਧ ਕੀਤਾ।

**ਸਹੀ ਜਾਂ ਗਲਤ**

1. ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਦੂਰ ਕਰਣ ਲਈ ਇਸਤਰੀ ਨੂੰ ਸਿੱਖਿਆ ਦੇਣੀ ਜਰੂਰੀ ਨਹੀਂ ਹੈ।
2. 1842 ਈ. ਵਿੱਚ ਕਾਨੂੰਨ ਪਾਸ ਕਰਕੇ ਦਹੇਜ ਪ੍ਰਥਾ ਖਤਮ ਕੀਤੀ ਗਈ।
3. 1872 ਈ. ਵਿੱਚ ਕੇਸ਼ਵ ਚੰਦਰ ਸੇਨ ਦੇ ਯਤਨਾਂ ਦੁਆਰਾ ਸਰਕਾਰ ਨੇ ਕਾਨੂੰਨ ਪਾਸ ਕਰਕੇ ਸਤੀ ਪ੍ਰਥਾ ਤੇ ਪਾਬੰਦੀ ਲਗਾਈ ਸੀ।
4. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦੀ ਸਥਾਪਨਾ ਕੀਤੀ।
5. 19ਵੀਂ ਸਦੀ ਵਿੱਚ ਭਾਰਤੀ ਸਮਾਜ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਸੀ।

**ਸਹੀ ਤੇ ਨਿਸ਼ਾਨ ਲਗਾਉ**

1. ਸਤੀ ਪ੍ਰਥਾ ਨੂੰ ਕਿਸਦੇ ਯਤਨਾਂ ਦੁਆਰਾ ਖਤਮ ਕੀਤਾ ਗਿਆ :

   (ੳ) ਰਾਜਾ ਰਾਮ ਮੋਹਨ ਰਾਏ  (ਅ) ਵੀਰ ਸਲਿੰਗਮ

   (ੲ) ਸਰ ਸੱਯਦ ਅਹਿਮਦ ਖਾਂ  (ਸ) ਸਵਾਮੀ ਦਯਾਨੰਦ ਸਰਸਵਤੀ

2. ਨਾਮਧਾਰੀ ਅੰਦੋਲਨ ਦੇ ਮੁਖੀ ਕੌਣ ਸਨ?

   (ੳ) ਸਵਾਮੀ ਵਿਵੇਕਾਨੰਦ  (ਅ) ਸ਼੍ਰੀ ਮਤੀ ਐਨੀ ਬੇਸੈਂਟ

   (ੲ) ਸਤਿਗੁਰੂ ਰਾਮ ਸਿੰਘ  (ਸ) ਬਾਬਾ ਦਿਆਲ ਸਿੰਘ

3. ਦਹੇਜ ਪ੍ਰਥਾ ਕਦੋਂ ਖਤਮ ਕੀਤੀ ਗਈ।

   (ੳ) 1845 ਈ.  (ਅ) 1843 ਈ.

   (ੲ) 1847 ਈ.  (ਸ) 185● ਈ.

4. ਹਿੰਦੂ ਵਿਧਵਾ ਵਿਆਹ ਕਾਨੂੰਨ ਕਦੋਂ ਪਾਸ ਕੀਤਾ ਗਿਆ।

   (ੳ) 1855 ਈ.  (ਅ) 1858 ਈ.

   (ੲ) 1856 ਈ.  (ਸ) 186● ਈ.

**ਸਹੀ ਮਿਲਾਣ ਕਰੋ :**

| | | | |
|---|---|---|---|
| 1. | ਸਿੰਘ ਸਭਾ ਲਹਿਰ | 1. | ਨਾਮਧਾਰੀ ਅੰਦੋਲਨ |
| 2. | ਸਵਾਮੀ ਵਿਵੇਕਾਨੰਦ | 2. | ਰਾਮਾ ਦ੍ਰਿਸਨ ਮਿਸ਼ਨ |
| 3. | ਸ਼੍ਰੀ ਸਤਿਗੁਰੂ ਰਾਮ ਸਿੰਘ ਜੀ | 3. | ਸ਼੍ਰੀ ਰਾਮ ਕਿਸ਼ਨ ਮਿਸ਼ਨ |
| 4. | ਸਰ ਸੱਯਦ ਅਹਿਮਦ ਖਾਂ | 4. | ਅਲੀਗੜ੍ਹ ਮੁਸਲਿਮ ਯੂਨੀਵਰਸਿਟੀ |

## ਜਾਤੀ-ਪ੍ਰਥਾ ਨੂੰ ਚਣੌਤੀ

**1-15 ਸ਼ਬਦਾਂ ਵਾਲੇ ਪ੍ਰਸ਼ਨ**

1. ਰਿਗਵੈਦਿਕ ਕਾਲ ਵਿੱਚ ਸਮਾਜ ਕਿਹੜੇ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ?
2. ਜੋਤਿਬਾ ਫੂਲੇ ਕੌਣ ਸਨ ਅਤੇ ਉਹ ਕਿਸ ਪ੍ਰਾਂਤ ਦੇ ਰਹਿਣ ਵਾਲੇ ਸਨ?
3. ਵਰਤਮਾਨ ਆਂਧਰਾ ਪ੍ਰਦੇਸ਼ ਰਾਜ ਦੇ ਸਮਾਜ ਦੇ ਪੈਗੰਬਰ ਕਿਸ ਨੂੰ ਕਿਹਾ ਜਾਂਦਾ ਹੈ?
4. ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਕਿਸ ਸ਼ਬਦ ਦੀ ਵਰਤੋਂ ਕੀਤੀ ਅਤੇ ਉਸ ਦਾ ਅਰਥ ਕੀ ਸੀ?
5. ਜੋਤਿਬਾ ਫੂਲੇ ਨੇ ਨੀਵੀ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੀਤੇ ਦੋ ਕਾਰਜ ਲਿਖੋ।

**5●-6● ਸ਼ਬਦਾਂ ਵਾਲੇ ਪ੍ਰਸ਼ਨ**

1. ਸਮਾਜ ਸੁਧਾਰਕਾਂ ਨੇ ਜਾਤੀ-ਪ੍ਰਥਾ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ?
2. ਵੀਰ ਸਲਿੰਗਮ ਨੂੰ ਅਜੋਕੇ ਆਂਧਰਾ ਪ੍ਰਦੇਸ਼ ਦੇ ਪੈਗੰਬਰ ਕਿਉਂ ਕਿਹਾ ਜਾਂਦਾ ਹੈ?
3. ਮਹਾਤਮਾ ਗਾਂਧੀ ਜੀ ਦੁਆਰਾ ਨੀਵੀਂ ਜਾਤੀ ਦੇ ਲੋਕਾਂ ਦੀ ਹਾਲਤ ਸੁਧਾਰਨ ਲਈ ਕੀਤੇ ਗਏ ਕਾਰਜਾਂ ਦਾ ਵਰਣਨ ਕਰੋ।
4. ਸ੍ਰੀ ਨਾਰਾਇਣ ਗੁਰੂ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ ਕੀ ਯੋਗਦਾਨ ਪਾਇਆ?

**ਖਾਲੀ ਥਾਵਾਂ ਭਰੋ।**

1. ਜੋਤਿਬਾ ਫੂਲੇ ਨੂੰ ___________ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

2. ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਹਰੀਜਨ ਸ਼ਬਦ ਦੀ ਵਰਤੋ ਕੀਤੀ ਜਿਸਦਾ ਭਾਵ __________ਸੀ।

3. ਜੋਤਿਬਾ ਫੂਲੇ ਨੇ __________ਸਮਾਜ ਨਾਂ ਦੀ ਸੰਸਥਾ ਸਥਾਪਤ ਕੀਤੀ।

4. ਵੀਰ ਸਲਿੰਗਮ ਸਮਾਜ ਸੁਧਾਰਕਾਂ ਨੂੰ __________ ਦਾ ਪੈਗੰਬਰ ਕਿਹਾ ਜਾਂਦਾ ਹੈ।

5. ਮਹਾਤਮਾ ਗਾਂਧੀ ਜੀ __________ ਨੂੰ ਇੱਕ ਪਾਪ ਸਮਝਦੇ ਸਨ।

**ਸਹੀ/ਗਲਤ**

1. ਮਹਾਤਮਾ ਗਾਂਧੀ ਜੀ ਛੂਤਛਾਤ ਨੂੰ ਇੱਕ ਪਾਪ ਸਮਝਦੇ ਸਨ। ☐

2. ਜੋਤਿਬਾ ਫੂਲੇ ਨੂੰ 'ਮਹਾਤਮਾ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ☐

3. ਸਮਾਜ ਵਿੱਚ ਨੀਵੀਂ ਜਾਤੀ ਦੇ ਲੋਕਾਂ ਨਾਲ ਚੰਗਾ ਸਲੂਕ ਕੀਤਾ ਜਾਂਦਾ ਸੀ। ☐

4. ਜੋਤਿਬਾ ਫੂਲੇ ਨੇ 24 ਸਤੰਬਰ 1873 ਈ. ਨੂੰ ਸੱਤਿਆ ਸ਼ੋਧਕ ਸਮਾਜ ਦੀ ਸੰਸਥਾ ਸਥਾਪਿਤ ਕੀਤੀ। ☐

5. ਵੀਰ ਸਲਿੰਗਮ ਸਮਾਜ ਸੁਧਾਰਕ ਨੂੰ ਉੱਤਰ ਪ੍ਰਦੇਸ਼ ਦਾ ਪੈਗੰਬਰ ਕਿਹਾ ਜਾਂਦਾ ਹੈ। ☐

**ਸਹੀ ਤੇ ਨਿਸ਼ਾਨ ਲਗਾਉ।**

1. ਸ਼੍ਰੀ ਨਰਾਇਣ ਗੁਰੂ ਦਾ ਜਨਮ ਕਿਸ ਰਾਜ ਵਿੱਚ ਹੋਇਆ?

   (ੳ) ਕੇਰਲਾ (ਅ) ਮਦਰਾਸ

   (ੲ) ਬੰਗਾਲ (ਸ) ਮਹਾਂਰਾਸ਼ਟਰ

2. ਸੱਤਿਆ ਸੋਧਕ ਸਮਾਜ ਨਾਂ ਦੀ ਸੰਸਥਾ ਕਿਸ ਦੁਆਰਾ ਸਥਾਪਿਤ ਕੀਤੀ ਗਈ।

   (ੳ) ਵੀਰ ਸਲਿੰਗਮ (ਅ) ਪਰਿਆਰ ਰਾਮਾ ਸਵਾਮੀ

   (ੲ) ਜੋਤਿਬਾ ਫੂਲੇ (ਸ) ਸ਼੍ਰੀ ਨਰਾਇਣ ਗੁਰੂ

3. ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਕਿਸ ਸ਼ਬਦ ਦੀ ਵਰਤੋ ਕੀਤੀ।

   (ੳ) ਹਰੀਜਨ (ਅ) ਗੁਰੂਜਨ

   (ੲ) ਰਾਮਜਨ (ਸ) ਮਹਾਜਨ

4. ਮਹਾਂਰਾਸ਼ਟਰ ਦੇ ਮਹਾਨ ਸਮਾਜ ਸੁਧਾਰਕ ਕੌਣ ਸਨ?

(ੳ) ਸ੍ਰੀ ਨਰਾਇਣ ਗੁਰੂ (ਅ) ਪਰਿਆਰ ਰਾਮਾ ਸਵਾਮੀ

(ੲ) ਵੀਰ ਸਲਿੰਗਮ (ਸ) ਜੋਤਿਬਾ ਫੂਲੇ

**ਸਹੀ ਮਿਲਾਣ ਕਰੋ :**

| | | | |
|---|---|---|---|
| 1. | ਜੋਤਿਬਾ ਫੂਲੇ | 1. | ਸ਼੍ਰੀ ਨਰਾਇਣ ਧਰਮ ਪਰੀਪਾਲਣ ਯੋਗਮ ਦੀ ਸਥਾਪਨਾ |
| 2. | ਪਰਿਆਰ ਰਾਮਾ ਸਵਾਮੀ | 2. | ਆਂਧਰਾ ਪ੍ਰਦੇਸ਼ ਰਾਜ ਦੇ ਪੈਗੰਬਰ |
| 3. | ਵੀਰ ਸਲਿੰਗਮ | 3. | ਤਾਮਿਲਨਾਡੂ ਦੇ ਮਹਾਨ ਸਮਾਜ ਸੁਧਾਰਕ |
| 4. | ਸ਼੍ਰੀ ਨਰਾਇਣ ਗੁਰੂ | 4. | ਸੱਤਿਆ ਸ਼ੋਧਕ ਸਮਾਜ ਨਾਂ ਦੀ ਸੰਸਥਾ |

## ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ

**1-15 ਸ਼ਬਦਾਂ ਵਾਲੇ ਪ੍ਰਸ਼ਨ**

1. ਬਸਤੀਵਾਦ ਦਾ ਭਾਵ ਅਰਥ ਕੀ ਹੈ?
2. ਮਦਰਾਸ ਵਿਖੇ ਕਿਹੜੀਆਂ ਵੇਖਣ ਯੋਗ ਥਾਵਾਂ ਹਨ?
3. ਬੰਬਈ ਕਿੱਥੇ ਸਥਿਤ ਹੈ ਅਤੇ ਅੱਜ ਕੱਲ ਇਸ ਦਾ ਨਾਮ ਕੀ ਹੈ?
4. ਅੰਗਰੇਜ਼ਾਂ ਨੇ ਆਪਣੀ ਪਹਿਲੀ ਵਪਾਰਕ ਫੈਕਟਰੀ ਕਦੋਂ ਅਤੇ ਕਿੱਥੇ ਸਥਾਪਿਤ ਕੀਤੀ?
5. ਦਿੱਲੀ ਨੂੰ ਪੁਰਾਣੇ ਸਮੇਂ ਵਿੱਚ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਇਹ ਕਿਸ ਨਦੀ ਦੇ ਕੰਢੇ ਤੇ ਸਥਿਤ ਹੈ?
6. ਭਾਰਤ ਵਿੱਚ ਪਹਿਲੀ ਰੇਲਵੇਂ ਲਾਈਨ ਕਦੋਂ ਅਤੇ ਕਿੱਥੋਂ ਤੋਂ ਕਿੱਥੇ ਤੱਕ ਬਣਾਈ ਗਈ?
7. ਬੰਬਈ ਸ਼ਹਿਰ ਦੇ ਦੋ ਪ੍ਰਸਿੱਧ ਇਤਿਹਾਸਕ ਸਥਾਨਾਂ ਦੇ ਨਾਮ ਲਿਖੋ।
8. ਪੁਲਿਸ ਵਿਭਾਗ ਦੀ ਸਥਾਪਨਾ ਕਿਹੜੇ ਗਵਰਨਰ ਜਨਰਲ ਨੇ ਕੀਤੀ ਸੀ?

**50-60 ਸ਼ਬਦਾਂ ਵਾਲੇ ਪ੍ਰਸ਼ਨ**

1. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਪੁਲਿਸ ਦਾ ਪ੍ਰਬੰਧ ਕਿਸ ਗਵਰਨਰ ਜਨਰਲ ਨੇ ਸ਼ੁਰੂ ਕੀਤਾ ਸੀ?
2. ਮਦਰਾਸ ਸ਼ਹਿਰ ਦੇ ਬਾਰੇ ਤੁਸੀਂ ਕੀ ਜਾਣਦੇ ਹੋ?
3. ਅੰਗਰੇਜ਼ੀ ਸ਼ਾਸਨ ਕਾਲ ਵਿੱਚ ਪੁਲਿਸ ਪ੍ਰਬੰਧ ਕਿਸ ਤਰ੍ਹਾਂ ਦਾ ਸੀ?
4. ਨਵੇਂ ਕਸਬਿਆਂ ਦੇ ਉੱਥਾਨ ਵਿੱਚ ਮਦਰਾਸ ਸ਼ਹਿਰ, ਬੰਬਈ ਅਤੇ ਨਵੀ ਦਿੱਲੀ ਤੇ ਸੰਖੇਪ ਵਿੱਚ ਨੋਟ ਲਿਖੋ।

**ਖਾਲੀ ਥਾਵਾਂ ਭਰੋ :**

1. _________ ਮੁਗਲ ਬਾਦਸ਼ਾਹ ਅਕਬਰ ਦੀ ਰਾਜਧਾਨੀ ਸੀ।
2. _________ ਦਾ ਵਰਤਮਾਨ ਨਾਂ ਚੇਨੱਈ ਹੈ।
3. ਪ੍ਰਾਚੀਨ ਕਾਲ ਵਿੱਚ _________ ਤੇ ਮੋਹਿੰਜੋਦੜੋ ਦੋ ਉਨੱਤ ਸ਼ਹਿਰ ਹਨ।
4. ਬੰਬਈ ਦਾ ਅੱਜਕਲ ਨਾਂ _________ ਹੈ।
5. ਅੰਗਰੇਜੀ ਰਾਜ ਸਮੇਂ ਕਲੱਕਤਾ ਤੋਂ ਪਿਸ਼ਾਵਰ ਤੱਕ _________ ਰੋਡ ਬਣਾਈ ਗਈ।

**ਸਹੀ/ਗਲਤ**

1. ਦਿੱਲੀ ਭਾਰਤ ਦੀ ਰਾਜਧਾਨੀ ਹੈ। ☐
2. ਲਾਰਡ ਡਲਹੌਜ਼ੀ ਦੇ ਸਮੇਂ 1854 ਈ. ਵਿੱਚ ਪਹਿਲੀ ਰੇਲਵੇ ਲਾਈਨ ਬਣਾਈ। ☐
3. ਬੰਬਈ ਪੱਛਮੀ ਬੰਗਾਲ ਦੀ ਰਾਜਧਾਨੀ ਹੈ। ☐
4. 1758 ਈ. ਵਿੱਚ ਪਲਾਸੀ ਦੀ ਲੜ੍ਹਾਈ ਹੋਈ। ☐

**ਸਹੀ ਤੇ ਨਿਸ਼ਾਨ ਲਗਾਉ।**

1. ਅੰਗਰੇਜੀ ਰਾਜ ਸਮੇਂ ਪੁਲਿਸ ਦਾ ਪ੍ਰਬੰਧ ਕਿਸ ਗਵਰਨਰ ਜਨਰਲ ਨੇ ਸ਼ੁਰੂ ਕੀਤਾ?

   (ੳ) ਲਾਰਡ ਕਰਜ਼ਨ  (ਅ) ਲਾਰਡ ਵੈਲਜ਼ਲੀ

   (ੲ) ਲਾਰਡ ਮਾਊਂਟ ਬੈਟਨ  (ਸ) ਲਾਰਡ ਕਾਰਨਵਾਲਿਸ

2. ਪ੍ਰਾਚੀਨ ਕਾਲ ਵਿੱਚ _________ ਤੇ ਮੋਹਨ ਜੋਦੜੋ ਦੋ ਉੱਨਤ ਸ਼ਹਿਰ ਸਨ।

(ੳ) ਰੋਪੜ (ਅ) ਹੱੜਪਾ

(ੲ) ਪੀਲੀਬੰਗਾ (ਸ) ਕਾਲੀ ਬੰਗਾਂ

3. ਅੰਗਰੇਜਾਂ ਨੇ ਭਾਰਤ ਵਿੱਚ ਆਪਣੀ ਪਹਿਲੀ ਵਪਾਰਕ ਫੈਕਟਰੀ ਕਦੋਂ ਸਥਾਪਿਤ ਕੀਤੀ।

(ੳ) 1857 ਈ. ਕਲਕੱਤਾ (ਅ) 1695 ਈ. ਕਲਕੱਤਾ

(ੲ) 1695 ਈ. ਮੁੰਬਈ (ਸ) 1795 ਈ. ਕਲਕੱਤਾ

4. ਬਕਸਰ ਦੀ ਲੜ੍ਹਾਈ _________ ਈ: ਵਿੱਚ ਹੋਈ।

(ੳ) 1748 (ਅ) 1757

(ੲ) 1764 (ਸ) 1739

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ਸ਼ਾਹਜਹਾਂ ਸਮੇਂ ਦਿੱਲੀ | 1. | ਇੰਦਰਪ੍ਰਸਥ |
| 2. | ਇੰਜੀਨੀਅਰਿੰਗ ਕਾਲਜ | 2. | ਕੋਲਕਾਤਾ |
| 3. | ਪੱਛਮੀ ਬੰਗਾਲ ਦੀ ਰਾਜਧਾਨੀ | 3. | ਰੁੜਕੀ |
| 4. | ਮਹਾਂਕਾਵਿ ਕਾਲ ਵਿੱਚ ਦਿੱਲੀ | 4. | ਸ਼ਾਹਜਹਾਬਾਦ |

## ਕਲਾਵਾਂ: ਚਿੱਤਰਕਾਰੀ, ਸਾਹਿਤ, ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ

**1–15 ਸ਼ਬਦਾਂ ਵਾਲੇ ਪ੍ਰਸ਼ਨ**

1. 19ਵੀਂ ਸਦੀ ਅਤੇ 20ਵੀਂ ਸਦੀ ਦੇ ਅਰੰਭ ਵਿੱਚ ਭਾਰਤ ਵਿੱਚ ਕਿਹੜੇ ਸਾਹਿਤ ਦਾ ਬਹੁਤ ਵਿਕਾਸ ਹੋਇਆ?
2. ਆਨੰਦ ਮੱਠ ਨਾਵਲ ਕਿਸੇ ਨੇ ਲਿਖਿਆ?
3. ਭਾਰਤ ਦੇ ਪ੍ਰਸਿੱਧ ਕਵੀਆਂ ਦੇ ਨਾਮ ਦੱਸੋ?
4. ਭਾਰਤ ਵਿੱਚ ਛਾਪਾਖਾਨਾ ਸਭ ਤੋਂ ਪਹਿਲਾਂ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ?
5. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ?
6. ਪ੍ਰਿੰਸ ਆਫ਼ ਵੇਲਜ਼ ਮਿਊਜੀਅਮ ਕਿੱਥੇ ਸਥਿਤ ਹੈ?

## 5੦–6੦ ਸ਼ਬਦਾ ਵਾਲੇ ਪ੍ਰਸ਼ਨ

1. 19ਵੀਂ ਸਦੀ ਵਿੱਚ ਅਤੇ 2੦ਵੀਂ ਸਦੀ ਦੇ ਆਰੰਭ ਵਿੱਚ ਚਿੱਤਰਕਾਰੀ ਕਲਾ ਦਾ ਵਿਕਾਸ ਕਿਵੇਂ ਹੋਇਆ?
2. ਕਲਾਵਾਂ ਵਿੱਚ ਪਰਿਵਰਤਨ ਤੋਂ ਕੀ ਭਾਵ ਹੈ?
3. 19ਵੀਂ ਅਤੇ 2੦ਵੀਂ ਸਦੀ ਵਿੱਚ ਸਾਹਿਤ ਦੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਉ।
4. ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰਾਂ ਦੇ ਨਾਂ ਲਿਖੋਂ?

**ਖਾਲੀ ਥਾਵਾਂ ਭਰੋ ।**

1. ਬੰਦੇ ਮਾਤਰਮ ਦਾ ਰਾਸ਼ਟਰੀ ਗੀਤ _________ ਨੇ ਲਿਖਿਆ।
2. ਅੰਮ੍ਰਿਤਾ ਸ਼ੇਰ ਗਿੱਲ ਅਤੇ _________ ਪ੍ਰੱਸਿਧ ਭਾਰਤੀ ਚਿੱਤਰਕਾਰ ਸਨ।
3. 19ਵੀਂ ਸਦੀ ਵਿੱਚ _________ ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ।
4. ਬੰਬਈ ਨੂੰ ਅੱਜਕਲ _________ ਕਿਹਾ ਜਾਦਾ ਹੈ।
5. ਮੁਨਸ਼ੀ ਪ੍ਰੇਮ ਚੰਦ ਨੇ _________ ਤੇ _________ਭਾਸ਼ਾ ਵਿੱਚ ਕਈ ਨਾਵਲ ਲਿਖੇ।
6. _________ ਭਾਰਤ ਵਿੱਚ ਪਹਿਲਾ ਅੰਗਰੇਜੀ ਕਿਲਾ ਸੀ।

**ਸਹੀ/ਗਲਤ**

1. ਮੈਰੀਨਾ ਸਮੁੰਦਰੀ ਕਿਨਾਰਾ 1੦ ਕਿ.ਮੀ. ਲੰਬਾ ਹੇ। ☐
2. ਫੋਰਟ ਸੇਂਟ ਜਾਹਜ਼ ਭਾਰਤ ਵਿੱਚ ਪਹਿਲਾ ਅੰਗਰੇਜੀ ਕਿਲਾ ਸੀ। ☐
3. ਚੇਨੱਈ ਵਿੱਚ ਮੈਰੀਨਾ ਸਮੁੰਦਰੀ ਕਿਨਾਰਾ ਬਹੁਤ ਪ੍ਰਸਿੱਧ ਹੈ। ☐
4. ਲਾਲ ਕਿਲਾ ਰਾਸ਼ਟਰਪਤੀ ਭਵਨ ਤੇ ਇੰਡੀਆ ਗੇਟ ਦਿੱਲੀ ਵਿੱਚ ਸਥਿਤ ਹਨ। ☐
5. ਸੱਭ ਤੋਂ ਪਹਿਲਾ ਭਾਰਤ ਵਿੱਚ ਛਾਪਾਖਾਨਾ ਭਾਰਤੀਆਂ ਨੇ ਲਿਆਂਦਾ ਸੀ। ☐
6. ਵਾਰ ਮੈਮੋਰੀਅਲ ਸੰਸਾਰ ਦੀ ਪਹਿਲੀ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਬਣਾਈ ਗਈ ☐

**ਸਹੀ ਤੇ ਨਿਸ਼ਾਨ ਲਗਾਉ**

1. ਪ੍ਰਿੰਸ ਆਫ ਵੇਲਜ਼ ਮਿਊਜ਼ੀਅਮ ਨੂੰ ਅੱਜਕਲ 'ਛੱਤਰਪਤੀ ਸ਼ਿਵਾ ਜੀ ਮਹਾਰਾਜ ਵਸਤੂ ਸੰਗ੍ਰਿਹਲਯ' ਕਿਹਾ ਜਾਦਾ ਹੈ।

   (ੳ) ਠੀਕ (ਅ) ਗਲਤ

2. ਬੜ੍ਹੋਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਦੇ ਨਾਂ ਦੱਸੋ?

   1. ਐਸ.ਕੇ. ਬੋਕਾਰੋ, ਐਚ.ਏ.ਗੀਡ
   2. ਜੀ.ਆਰ. ਸੰਤੋਸ਼, ਗੁਲਾਮ ਸ਼ੇਖ, ਸ਼ਾਂਤੀ ਦੇਵ
   3. ਰਵਿੰਦਰ ਨਾਥ ਟੈਗੋਰ, ਹਾਵੈਲ ਕੁਮਾਰ ਸਵਾਮੀ
   4. ਡੀ.ਆਰ. ਚੋਧਰੀ ਕੇ.ਜੀ. ਸੁਬਰਮਨੀਅਮ

3. ਗੇਟਵੇ ਆਫ ਇੰਡੀਆ ਭਾਰਤ ਦੇ ਕਿਸ ਸ਼ਹਿਰ ਵਿੱਚ ਸਥਿਤ ਹੈ।

   1. ਚੇਨੱਈ 3. ਕੋਲਕਾਤਾ
   2. ਨੱਵੀ ਦਿੱਲੀ 4. ਮੁੰਬਈ

4. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ।

   1. ਯੁਗਾਂਤਰ ਤੇ ਬੰਦੇ ਮਾਤਰਮ
   2. ਕਲੱਕਤਾ ਜਨਰਲ ਤੇ ਬੰਬੇ ਸਮਾਚਾਰ
   3. ਕੇਸਰੀ ਤੇ ਮਰਾਠਾ
   4. ਦਰਪਨ ਤੇ ਦਿੱਗ ਦਰਸ਼ਨ

5. ਆਨੰਦ ਮੱਠ ਨਾਵਲ ਕਿਸਨੇ ਲਿਖਿਆ।

   1. ਕੇਸ਼ਵ ਚੰਦਰ ਸੇਨ 2. ਬੰਕਿਮ ਚੰਦਰ ਚੈਟਰਜੀ
   3. ਮੁਨਸ਼ੀ ਪ੍ਰੇਮ ਚੰਦ 4. ਰਵਿੰਦਰ ਨਾਥ ਟੈਗੋਰ

**ਸਹੀ ਮਿਲਾਣ ਕਰੋ :**

| | | | |
|---|---|---|---|
| 1. | ਪ੍ਰਿੰਸ ਆਫ ਵੈਤਜ਼ ਮਿਊਜ਼ੀਅਮ | 1. | ਚੇਨੱਈ |
| 2. | ਬੰਬਈ | 2. | ਭਾਰਤ |
| 3. | ਮੈਰੀਨਾ ਸਮੁੰਦਰੀ ਕਿਨਾਰਾ | 3. | ਛੱਤਰਪਤੀ ਸ਼ਿਵਾਜੀ ਮਹਾਰਾਜ |
| 4. | ਫੋਰਟਮੇਂਟ ਜਾਰਜ਼ | 4. | ਮੁੰਬਈ |

## ਰਾਸ਼ਟਰੀ ਅੰਦੋਂਲਨ (1885 ਈ:–1919 ਈ:)

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਭਾਰਤੀਆਂ ਵਿੱਚ ਰਾਸ਼ਟਰੀ ਚੇਤਨਾ ਪੈਦਾ ਹੋਣ ਦੇ ਦੋ ਕਾਰਨ ਦੱਸੋ?
2. ਮੁਸਲਿਮ ਲੀਗ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ?
3. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ?
4. ਬੰਗਾਲ ਦੀ ਵੰਡ ਕਦੋਂ ਅਤੇ ਕਿਸ ਗਵਰਨਰ ਜਨਰਲ ਦੇ ਸਮੇਂ ਵਿੱਚ ਹੋਈ ਸੀ?
5. ਗਦਰ ਪਾਰਟੀ ਦੀ ਸਥਾਪਨਾ, ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?
6. ਇੰਡੀਅਨ ਨੈਸ਼ਨਲ ਕਾਂਗਰਸ ਦੇ ਦੋ ਮੁੱਖ ਉਦੇਸ਼ ਕੀ ਸਨ?

**5●–6● ਸ਼ਬਦਾਂ ਵਾਲੇ ਪ੍ਰਸ਼ਨ**

1. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਤੇ ਨੋਟ ਲਿਖੋ।
2. ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਮੁੱਖ ਉਦੇਸ਼ ਕਿਹੜੇ ਸਨ?
3. ਸਵੇਦਸ਼ੀ ਅਤੇ ਬਾਈਕਾਟ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ?
4. ਕ੍ਰਾਂਤੀਕਾਰੀ ਅੰਦੋਲਨ ਤੇ ਨੋਟ ਲਿਖੋ।

**ਖਾਲੀ ਥਾਵਾਂ ਭਰੋ :**

1. ਲਾਰਡ ਕਰਜਨ ਨੇ __________ਈ. ਵਿੱਚ ਬੰਗਾਲ ਦੀ ਵੰਡ ਕਰ ਦਿੱਤੀ।
2. ਇੰਡੀਅਨ ਨੈਸ਼ਨਲ ਕਾਂਗਰਸ ਦਾ ਸਮਾਗਮ ਸੂਰਤ ਵਿਖੇ __________ਈ. ਵਿੱਚ ਹੋਇਆ।

3. ਭਾਰਤ ਵਿੰਚ ਬੰਗਾਲ ਦੀ ਵੰਡ ਕਾਰਨ __________ ਅੰਦੋਲਨ ਸ਼ੁਰੂ ਹੋ ਗਏ।

4. __________ਈ. ਵਿੱਚ ਮੁਸਲਿਮ ਨੇਤਾਵਾਂ ਨੇ ਮੁਸਲਿਮ ਲੀਗ ਦੀ ਸਥਾਪਨਾ ਕੀਤੀ।

5. __________ ਨੇ ਕਿਹਾ ਸੀ "ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ ਅਤੇ ਮੈਂ ਇਸਨੂੰ ਪ੍ਰਾਪਤ ਕਰਕੇ ਹੀ ਰਹਾਂਗਾ।"

6. ਬਾਲ ਗੰਗਾਧਰ ਤਿਲਕ ਨੇ __________ ਵਿਖੇ ਹੋਮਰੂਲ ਅੰਦੋਲਨ ਦੀ ਸਥਾਪਨਾ ਕੀਤੀ।

**ਸਹੀ/ਗਲਤ**

1. 1886 ਈ. ਤੋਂ 1905 ਈ. ਤੱਕ ਰਾਸ਼ਟਰਵਾਦੀ ਅੰਦੋਲਨ ਨੂੰ ਉਦਾਹਵਾਦੀ ਯੁੱਗ ਕਿਹਾ ਜਾਦਾ ਹੈ।

2. ਭਾਰਤ ਵਿੱਚ ਬੰਗਾਲ ਦੀ ਵੰਡ ਕਾਰਨ ਸਵਦੇਸ਼ੀ ਤੇ ਬਾਈਕਾਟ ਅੰਦੋਲਨ ਸ਼ੁਰੂ ਹੋ ਗਏ।

3. ਗਦਰ ਪਾਰਟੀ ਦੀ ਸਥਾਪਨਾ ਲਾਲ ਲਾਜਪਤ ਰਾਏ ਨੇ ਕੀਤੀ।

4. 1906 ਈ. ਵਿੱਚ ਬੰਗਾਲ ਦੀ ਵੰਡ ਹੋਈ।

5. ਮਿਸਟਰ ਏ.ਓ. ਹਿਊਮ ਨੇ 28 ਦਿਸੰਬਰ 1885 ਈ. ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕੀਤੀ।

6. ਸੋਹਨ ਸਿੰਘ ਭਕਨਾ ਨੂੰ ਗਦਰ ਪਾਰਟੀ ਦਾ ਪ੍ਰਧਾਨ ਬਣਾਇਆ ਗਿਆ।

**ਸਹੀ ਮਿਲਾਨ ਕਰੋ :**

1. ਗਦਰ ਪਾਰਟੀ ਦੀ ਸਥਾਪਨਾ ਕਿਸਨੇ ਕੀਤੀ।

   1. ਬਾਬਾ ਸੋਹਣ ਸਿੰਘ ਭਕਨਾ  3. ਲਾਲਾ ਹਰਦਿਆਲ

   2. ਬਾਲ ਗੰਗਾਧਰ ਤਿਲਕ  4. ਲਾਲਾ ਲਾਜਪਤ ਰਾਏ

2. ਭਾਰਤ ਵਿੱਚ 1905 ਈ. ਵਿੱਚ ਬੰਗਾਲ ਦੀ ਵੰਡ ਕਾਰਨ ਸਵਦੇਸੀ ਤੇ ਬਾਈਕਾਟ ਅੰਦੋਲਨ ਸ਼ੁਰੂ ਹੋ ਗਏ।

   1. ਠੀਕ  2. ਗਲਤ

3. ਕਿਸਨੇ ਕਿਹਾ ਸੀ "ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ ਤੇ ਮੈਂ ਇਸਨੂੰ ਪ੍ਰਾਪਤ ਕਰਕੇ ਹੀ ਰਹਾਂਗਾ।"

   1. ਵਿਪਨ ਚੰਦਰ ਪਾਲ  3. ਲਾਲਾ ਲਾਜਪਤ ਰਾਏ

   2. ਬਾਲ ਗੰਗਾਧਰ ਤਿਲਕ  4. ਦਾਦਾ ਭਾਈ ਨਾਰੋਜੀ

4. ਮੁਸਲੀਮ ਲੀਗ ਦੀ ਸਥਾਪਨਾ ਕਦੋਂ ਤੇ ਕਿਸਨੇ ਕੀਤੀ

   1. 3● ਦਸੰਬਰ 19●6, ਮੁਸਲਮਾਨ ਨੇਤਾਵਾਂ ਨੇ
   2. 3● ਦਸੰਬਰ 19●6, ਹਿੰਦੂ ਨੇਤਾਵਾਂ ਨੇ

5. ਕਿਹੜਾ ਨੇਤਾ ਉਗਰਵਾਦੀ ਅੰਦੋਲਨ ਨਾਲ ਨਹੀਂ ਸੀ।

|  |  |  |  |
|---|---|---|---|
| 1. | ਦਾਦਾ ਭਾਈ ਨਾਰੋਜੀ | 2. | ਵਿਪਨ ਚੰਦਰ ਪਾਲ |
| 3. | ਬਾਲ ਗੰਗਾਧਰ ਤਿਲਕ | 4. | ਲਾਲਾ ਲਾਜਪਤ ਰਾਏ। |

6. ਮਿਲਾਨ ਕਰੋ :

|  |  |  |  |
|---|---|---|---|
| 1. | ਹੋਮ ਰੂਲ ਅੰਦੋਲਨ | 1. | 1914 ਈ. |
| 2. | ਗਦਰ ਪਾਰਟੀ | 2. | ਸੋਹਣ ਸਿੰਘ ਤਕਨਾ |
| 3. | ਮਿੰਟੋ ਮਾਰਲੇ ਸੁਧਾਰ | 3. | ਸਰ ਸੱਯਦ ਅਹਿਮਦ ਖਾਂ |
| 4. | ਮੁਸਲਿਮ ਲੀਗ | 4. | ਲਾਰਡ ਕਰਜ਼ਨ |
| 5. | ਪਹਿਲਾ ਮਹਾਂਯੁੱਧ | 5. | 1916 ਈ. |

## **ਭਾਰਤੀ ਸੁਤੰਤਰਤਾ ਲਈ ਸੰਘਰਸ਼** (1919 ਈ:–1947 ਈ:)

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਮਹਾਤਮਾ ਗਾਂਧੀ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ?
2. ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਕਦੋਂ ਅਤੇ ਕਿਉਂ ਹੋਇਆ?
3. ਨਾ ਮਿਲਵਰਤਣ ਅੰਦੋਲਨ ਅਧੀਨ ਵਕਾਲਤ ਛੱਡਣ ਵਾਲੇ ਤਿੰਨ ਵਿਅਕਤੀਆਂ ਦੇ ਨਾਂ ਦੱਸੋ।
4. ਖਿਲਾਫਤ ਅੰਦੋਲਨ ਤੋਂ ਕੀ ਭਾਵ ਹੈ?
5. ਸਤਿਆਗ੍ਰਹਿ ਅੰਦੋਲਨ ਤੋਂ ਕੀ ਭਾਵ ਹੈ?
6. ਸਾਈਮਨ ਕਮਿਸ਼ਨ ਭਾਰਤ ਕਦੋਂ ਭੇਜਿਆ ਗਿਆ ਅਤੇ ਇਸ ਦੇ ਕਿੰਨੇ ਮੈਂਬਰ ਸਨ?

### 5●-6● ਸ਼ਬਦਾਂ ਵਾਲੇ ਪ੍ਰਸ਼ਨ

1. ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਤੇ ਸੰਖੇਪ ਨੋਟ ਲਿਖੋ।
2. ਨਾ-ਮਿਲਵਰਤਨ ਅੰਦੋਲਨ ਤੇ ਸੰਖੇਪ ਨੋਟ ਲਿਖੋ।
3. ਸਾਈਮਨ ਕਮਿਸ਼ਨ ਬਾਰੇ ਤੁਸੀ ਕੀ ਜਾਣਦੇ ਹੋ?
4. ਸਿਵਲ ਨਾ ਫਰਮਾਨੀ ਅੰਦੋਲਨ ਤੇ ਨੋਟ ਲਿਖੋ।
5. ਭਾਰਤ ਛੱਡੋ ਅੰਦੋਲਨ ਤੇ ਸੰਖੇਪ ਨੋਟ ਲਿਖੋ।
6. ਅਜ਼ਾਦ ਹਿੰਦ ਫੌਜ ਤੇ ਨੋਟ ਲਿਖੋ।

**ਖਾਲੀ ਥਾਵਾਂ ਭਰੋ :**

1. ਮਹਾਤਮਾ ਗਾਂਧੀ ਜੀ ਨੇ _________ ਵਿੱਚ ਨਾਂ ਮਿਲਵਰਤਣ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ।
2. 26 ਜਨਵਰੀ 193● ਈ. ਨੂੰ ਸਾਰੇ ਭਾਰਤ ਵਿੱਚ _________ਦਿਵਸ ਮਨਾਇਆ ਗਿਆ।
3. 1934 ਈ. ਵਿੱਚ _________ ਅੰਦੋਲਨ ਵਾਪਿਸ ਲੈ ਲਿਆ ਗਿਆ।
4. 194● ਈ. ਵਿੱਚ _________ ਅੰਦੋਲਨ ਸ਼ੁਰੂ ਹੋਇਆ।
5. ਨਨਕਾਣਾ ਸਾਹਿਬ ਗੁਰਦੁਆਰੇ ਦਾ ਮਹੰਤ _________ਇੱਕ ਚਰਿੱਤਰਹੀਣ ਵਿਅਕਤੀ ਸੀ।
6. 1928 ਈ. ਵਿੱਚ ਭੇਜੇ ਗਏ ਸਾਈਮਨ ਕਮਿਸ਼ਨ ਦੇ ਕੁੱਲ _________ਮੈਂਬਰ ਸਨ।
7. 23 ਮਾਰਚ 1931 ਈ. ਨੂੰ ਭਗਤ ਸਿੰਘ, ਰਾਜਗੁਰੂ ਅਤੇ _________ਨੂੰ ਫਾਂਸੀ ਦੀ ਸਜਾ ਦਿੱਤੀ ਗਈ।

**ਸਹੀ/ਗਲਤ**

1. 13 ਅਗਸਤ 1947 ਈ. ਨੂੰ ਭਾਰਤ ਦੋ ਹਿੱਸਿਆਂ ਭਾਰਤ ਤੇ ਪਾਕਿਸਤਾਨ ਵਿੱਚ ਵੰਡਿਆ ਗਿਆ। ☐
2. ਸਵਰਾਜ ਪਾਰਟੀ ਦੀ ਸਥਾਪਨਾ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ। ☐
3. ਨੌਜਵਾਨ ਭਾਰਤ ਸਭਾ ਦੀ ਸਥਾਪਨਾ 1926 ਈ. ਵਿੱਚ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਕੀਤੀ ਸੀ। ☐
4. 1928 ਈ. ਵਿੱਚ ਸਾਈਮਨ ਕਮੀਸ਼ਨ ਦਾ ਭਾਰਤੀਆਂ ਨੇ ਲਾਲ ਝੰਡੀਆਂ ਨਾਲ ਵਿਰੋਧ ਕੀਤਾ। ☐
5. 194● ਈ. ਵਿੱਚ ਭਾਰਤ ਛੱਡੋ ਅੰਦੋਲਨ ਸ਼ੁਰੂ ਹੋਇਆ। ☐
6. 1916 ਈ. ਵਿੱਚ ਮਹਾਤਮਾ ਗਾਂਧੀ ਜੀ ਦੱਖਣੀ ਅਫਰੀਕਾ ਤੋਂ ਭਾਰਤ ਵਾਪਿਸ ਆ ਗਏ। ☐

**ਸਹੀ ਮਿਲਾਨ ਕਰੋ :**

1. ਜਲਿਆਵਾਲੇ ਬਾਗ ਦੇ ਖ਼ੂਨੀ ਸਾਕੇ ਵਿੱਚ ਲੱਗਭਗ ਕਿੰਨੇ ਲੋਕ ਮਾਰੇ ਗਏ।

   1) 2●●● 2) 5●●● 3) 1●●●● 4) 1●●●

2. ਸੁਤੰਤਰਤਾ ਪ੍ਰਾਪਤ ਕਰਣ ਲਈ ਮਹਾਤਮਾ ਗਾਂਧੀ ਜੀ ਨੇ 193●–34 ਈ. ਤੱਕ ਕਿਹੜਾ ਅੰਦੋਲਨ ਚਲਾਇਆ?

   1) ਭਾਰਤ ਛੱਡੋ ਅੰਦੋਲਨ 2) ਖਿਲਾਫਤ ਅੰਦੋਲਨ

   3) ਸਿਵਲ ਨਾਂ ਫੁਰਮਾਨੀ 4) ਨਾਂ ਮਿਲਵਰਤਨ

3. ਮਹਾਰਾਜਾ ਰਿਪੁਦਮਨ ਸਿੰਘ ਦਾ ਸੰਬੰਧ ਕਿਸ ਮੋਰਚੇ ਨਾਲ ਹੈ?

   1) ਗੁਰੂ ਕਾ ਮੋਰਚਾ 2) ਨਨਕਾਣਾ ਸਾਹਿਬ ਦਾ ਮੋਰਚਾ

   3) ਚਾਬੀਆਂ ਦਾ ਮੋਰਚਾ 4) ਜੈਤੋ ਦਾ ਮੋਰਚਾ

4. __________ ਵਿੱਚ ਭੇਜੇ ਗਏ ਸਾਈਮਨ ਕਮੀਸ਼ਨ ਦੇ ਕੁੱਲ 7 ਮੈਂਬਰ ਸਨ।

   1) 1928 2) 1935 3) 1919 4) 1934

5. ਮਹਾਤਮਾ ਗਾਂਧੀ ਜੀ ਕਿਸ ਦੇਸ਼ ਤੋਂ ਤੇ ਕਦੋਂ ਵਾਪਿਸ ਆਏ।

   1) ਦੱਖਣੀ ਅਫਰੀਕਾ 1915 ਈ.

   2) ਇੰਗਲੈਂਡ 1915 ਈ.

   3) ਅਮਰੀਕਾ 1915 ਈ.

**ਮਿਲਾਨ ਕਰੋ :**

| | | | |
|---|---|---|---|
| 1. | ਅਹਿੰਸਾ | 1. | ਮਹਾਰਾਜਾ ਰਿਪੁਦਮਨ ਸਿੰਘ |
| 2. | ਭਾਰਤ ਛੱਡੋ ਅੰਦੋਲਨ | 2. | ਮਹਾਤਮਾ ਗਾਂਧੀ |
| 3. | ਕ੍ਰਾਂਤੀਕਾਰੀ ਲਹਿਰ | 3. | 8 ਅਗਸਤ 1942 |
| 4. | ਜੈਤੋ ਦਾ ਮੋਰਚਾ | 4. | ਸਰਦਾਰ ਭਗਤ ਸਿੰਘ |

# ਸੁਤੰਤਰਤਾ ਤੋਂ ਬਾਅਦ ਦਾ ਭਾਰਤ

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਭਾਰਤੀ ਸੰਵਿਧਾਨ ਸਭਾ ਨੇ ਕਦੋਂ ਨਵਾਂ ਸੰਵਿਧਾਨ ਬਨਾਉਣਾ ਸ਼ੁਰੂ ਕੀਤਾ ਅਤੇ ਇਹ ਕਦੋਂ ਪੂਰਾ ਹੋਇਆ?
2. ਭਾਰਤੀ ਸੰਵਿਧਾਨ ਕਦੋਂ ਪਾਸ ਹੋਇਆ?
3. ਦੇਸੀ ਰਿਆਸਤਾਂ ਦੇ ਏਕੀਕਰਨ ਕਰਨ ਦਾ ਸਿਹਰਾ ਕਿਸ ਦੇ ਸਿਰ ਹੈ?
4. ਹੈਦਰਾਬਾਦ ਰਿਆਸਤ ਨੂੰ ਭਾਰਤ ਨਾਲ ਕਿਵੇਂ ਮਿਲਾਇਆ ਗਿਆ?
5. ਪੰਚਸ਼ੀਲ ਦੇ ਕੋਈ ਦੋ ਸਿਧਾਂਤ ਲਿਖੋ?
6. ਗੁਟ ਨਿਰਲੇਪ ਲਹਿਰ ਦੀ ਪਹਿਲੀ ਕਾਨਫਰੰਸ ਕਦੋਂ ਅਤੇ ਕਿੱਥੇ ਹੋਈ ਸੀ?
7. ਆਜ਼ਾਦੀ ਤੋਂ ਬਾਅਦ ਭਾਰਤ ਨੂੰ ਕਿਹੜੀਆਂ ਦੋਂ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

**5●–6● ਸ਼ਬਦਾਂ ਵਾਲੇ ਪ੍ਰਸ਼ਨ**

1. ਦੇਸੀ ਰਿਆਸਤਾਂ ਦੇ ਏਕੀਕਰਨ ਤੇ ਨੋਟ ਲਿਖੋ।
2. ਭਾਰਤ ਦੀ ਵਿਦੇਸ਼ੀ ਨੀਤੀ ਤੇ ਨੋਟ ਲਿਖੋ।
3. ਗੁੱਟ-ਨਿਰਲੇਪ ਤੇ ਨੋਟ ਲਿਖੋ।
4. ਸੰਪ੍ਰਦਾਇਕਤਾ ’ਤੇ ਨੋਟ ਲਿਖੋ।
5. ਭਾਰਤ ਤੇ ਪਾਕਿਸਤਾਨ ਦੇ ਆਪਸੀ ਸੰਬੰਧਾਂ ਤੇ ਨੋਟ ਲਿਖੋ।
6. ਭਾਰਤ ਤੇ ਅਮਰੀਕਾ ਦੇ ਸੰਬੰਧਾਂ ਦੀ ਚਰਚਾ ਕਰੋ।

**ਖਾਲੀ ਥਾਵਾਂ ਭਰੋ :**

1. ਭਾਰਤ ਦਾ ਸੰਵਿਧਾਨ _________ ਈ. ਨੂੰ ਲਾਗੂ ਕੀਤਾ ਗਿਆ।
2. ਭਾਰਤ ਦੇ ਪਹਿਲੇ ਗ੍ਰਹਿ ਮੰਤਰੀ _________ਸਨ।
3. _________ ਨੂੰ ਭਾਰਤੀ ਸੰਵਿਧਾਨ ਤਿਆਰ ਕਰਨ ਵਾਲੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ।
4. ਗੁੱਟ ਨਿਰਲੇਪ ਦੀ ਪਹਿਲੀ ਕਾਨਫਰੰਸ _________ਈ. ਵਿੱਚ ਬਲਗ੍ਰੇਡ ਵਿੱਚ ਹੋਈ।
5. ਸਾਰਕ ਦੀ ਸਥਾਪਨਾ _________ਈ. ਵਿੱਚ ਹੋਈ।
6. ਡਾ. ਰਜਿੰਦਰ ਪ੍ਰਸ਼ਾਦ ਭਾਰਤ ਦੇ ਪਹਿਲੇ _________ਸਨ।
7. ਭਾਰਤ _________ਈ. ਨੂੰ ਅਜ਼ਾਦ ਹੋਇਆ ਸੀ।

**ਸਹੀ/ਗਲਤ**

1. ਭਾਰਤ ਨੇ ਸੰਵਿਧਾਨ ਦਾ ਨਿਰਮਾਣ ਕਰਣ ਲਈ 8 ਮੈਂਬਰਾ ਦੀ ਇੱਕ ਕਮੇਟੀ ਸਥਾਪਿਤ ਕੀਤੀ ਗਈ।
2. ਸੰਵਿਧਾਨ 26 ਜਨਵਰੀ 195● ਈ. ਨੂੰ ਲਾਗੂ ਕੀਤਾ ਗਿਆ।
3. ਅਜ਼ਾਦੀ ਦੀ ਪ੍ਰਾਪਤੀ ਪਿੱਛੋਂ ਭਾਰਤ ਨੇ ਆਪਣੇ ਉਦਯੋਗਿਕ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ।
4. ਡਾ. ਰਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਚੁਣੇ ਗਏ।
5. ਗੁੱਟ ਨਿਰਲੇਪ ਲਹਿਰ ਦੇ ਸ਼ੁਰੂ ਵਿੱਚ 23 ਮੈਂਬਰ ਸਨ।
6. 1948 ਈ. ਦੇ ਅੰਤ ਤੱਕ ਭਾਰਤ ਨੇ ਫਰਾਂਸੀਸੀ ਤੇ ਪੁਰਤਗਾਲੀ ਬਸਤੀਆਂ ਜੋ ਭਾਰਤ ਵਿੱਚ ਸਨ ਉਨ੍ਹਾਂ ਉੱਪਰ ਆਪਣਾ ਅਧਿਕਾਰ ਸਥਾਪਿਤ ਕਰ ਲਿਆ।

**ਸਹੀ ਮਿਲਾਨ ਕਰੋ :**

1. ਸੁਤੰਤਰਤਾ ਪਿੱਛੋਂ ਭਾਰਤ ਨੇ ਸੰਵਿਧਾਨ ਦਾ ਨਿਰਮਾਣ ਕਰਣ ਲਈ 7 ਮੈਂਬਰ ਦੀ ਕਮੇਟੀ ਸਥਾਪਿਤ ਕੀਤੀ ਗਈ।

   1. ਠੀਕ  2. ਗਲਤ

2. 2● ਫਰਵਰੀ 1948 ਈ. ਨੂੰ ਕਿਹੜੀ ਰਿਆਸਤ ਵਿੱਚ ਜਨਮਤ ਸੰਗ੍ਰਿਹ ਭਾਰਤੀ ਸੰਘ ਵਿੱਚ ਸ਼ਾਮਿਲ ਕੀਤਾ।

   1) ਜੂਨਾਗੜ੍ਹ  2) ਹੈਦਰਾਬਾਦ  3) ਪਟਿਆਲਾ  4) ਕਪੂਰਥਲਾ

3. ਦੇਸੀ ਰਿਆਸਤਾਂ ਦਾ ਏਕੀਕਰਨ ਕਰਨ ਦਾ ਸਿਹਰਾ ਕਿਸਦੇ ਸਿਰ ਹੈ?

   1) ਮਹਾਤਮਾ ਗਾਂਧੀ  2) ਡਾ. ਰਜਿੰਦਰ ਪ੍ਰਸਾਦ

   3) ਸਰਦਾਰ ਵਲੱਭ ਭਾਈ ਪਟੇਲ  4) ਜਵਾਹਰ ਲਾਲ ਨਹਿਰੂ

4. ਸਾਰਕ ਦੀ ਸਥਾਪਨਾ ਕਦੋਂ ਹੋਈ?

   1) 1953 ਈ.  2) 1919 ਈ.  3) 1958 ਈ.  4) 1985 ਈ.

5. ਭਾਰਤ ਤੇ ਚੀਨ ਵਿੱਚ ਯੁੱਧ ਕਦੋਂ ਲੜ੍ਹਿਆ ਗਿਆ।

   1) 1971 ਈ.  2) 1962 ਈ.  3) 197● ਈ.  4) 1966 ਈ.

6. ਕਾਰਗਿਲ ਦਾ ਯੁੱਧ

   1) 1971 ਈ.  2) 2●●1 ਈ.  3) 1991 ਈ.  4) 1999 ਈ.

7. ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਨ?

| | | | |
|---|---|---|---|
| 1) | ਡਾ. ਰਜਿੰਦਰ ਪ੍ਰਸਾਦ | 2) | ਮਹਾਤਮਾ ਗਾਂਧੀ |
| 3) | ਜਵਾਹਰ ਲਾਲ ਨਹਿਰੂ | 4) | ਸਰਦਾਰ ਵਲੱਭ ਭਾਈ ਪਟੇਲ |

**ਮਿਲਾਨ ਕਰੋ :**

| | | | |
|---|---|---|---|
| 1. | ਭਾਰਤ ਦੇ ਪਹਿਲੇ ਗ੍ਰਹਿ ਮੰਤਰੀ | 1) | ਸੱਤ ਸਨ |
| 2. | ਭਾਰਤੀ ਸੰਵਿਧਾਨ ਕਮੇਟੀ ਦੇ ਮੈਂਬਰ | 2) | 1999 ਈ. ਵਿੱਚ ਹੋਇਆ |
| 3. | ਕਾਰਗਿਲ ਦਾ ਯੁੱਧ | 3) | ਡਾ. ਰਜਿੰਦਰ ਪ੍ਰਸਾਦ |
| 4. | ਭਾਰਤ ਦੇ ਪਹਿਲੇ ਰਾਸ਼ਟਰਪਤੀ | 4) | ਸਰਦਾਰ ਵਲੱਭ ਭਾਈ ਪਟੇਲ |

# ਭਾਗ–ੲ

# ਨਾਗਰਿਕ ਸ਼ਾਸ਼ਤਰ

## ਪਾਠ 27 ਸੰਸਦ ਬਣਤਰ ਭੂਮਿਕਾ ਤੇ ਵਿਸ਼ੇਸ਼ਤਾਵਾਂ

2 ਅੰਕਾਂ ਵਾਲੇ ਪ੍ਰਸ਼ਨ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸ਼ਬਦਾਂ ਵਿੱਚ ਦਿਓ।**

1. ਸੰਸਦ ਦੇ ਸ਼ਬਦੀ ਅਰਥ ਲਿਖੋ।
2. ਲਟਕਦੀ ਸੰਸਦ ਤੋਂ ਕੀ ਭਾਵ ਹੈ?
3. ਸੰਸਦ ਵਿੱਚ ਕਾਨੂੰਨ ਕਿਵੇਂ ਬਣਦਾ ਹੈ?
4. ਸੰਸਦ ਦੇ ਸਦਨਾਂ ਦੇ ਨਾਂ ਲਿਖੋ?
5. ਸਰਕਾਰ ਦੇ ਕਿੰਨੇ ਅੰਗ ਹੁੰਦੇ ਹਨ। ਉਹਨਾਂ ਦੇ ਨਾਂ ਲਿਖੋ?
6. ਸਰਕਾਰ ਸੰਸਦ ਪ੍ਰਤੀ ਕਿਵੇਂ ਜਵਾਬਦੇਹ ਹੈ?
7. ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ ਦੱਸੋ?
8. ਸੰਸਦੀ ਸਰਕਾਰ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਲਿਖੋ?
9. ਸਰਕਾਰ ਸੰਸਦ ਪ੍ਰਤੀ ਕਿਵੇਂ ਜਵਾਬਦੇਹ ਹੈ?
10. ਸੰਸਦ ਵਿੱਚ ਕਾਨੂੰਨ ਕਿਵੇਂ ਬਣਦਾ ਹੈ?

**ਖਾਲੀ ਥਾਵਾਂ ਭਰੋ :**

1. ਵਰਤਮਾਨ ਸਮੇਂ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ __________ ਹੈ।
2. ਰਾਜ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ __________ ਹੈ।
3. ਪੰਜਾਬ ਵਿੱਚੋਂ ਲੋਕ ਸਭਾ ਲਈ __________ ਮੈਂਬਰ ਚੁਣੇ ਜਾਂਦੇ ਹਨ।
4. ਲੋਕ ਸਭਾ ਇੱਕ __________ ਸਦਨ ਹੈ।
5. ਰਾਜ ਸਭਾ ਦੇ ਕੁਲ ਮੈਂਬਰ ਹਰ __________ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ।
6. ਕੇਵਲ ਧਨ ਜਾਂ ਵਿਤੀ ਬਿੱਲ __________ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।
7. __________ ਕੇਸ਼ ਦਾ ਸੰਵਿਧਾਨਿਕ ਮੁਖੀ ਹੈ।
8. ਪੰਜਾਬ ਵਿੱਚੋਂ ਰਾਜ ਸਭਾ ਲਈ __________ ਮੈਂਬਰ ਅਪ੍ਰਤੱਖ ਚੋਣ ਅਨੁਸਾਰ ਚੁਣੇ ਜਾਂਦੇ ਹਨ।

9. ਸੰਸਦ ਅੰਗਰੇਜੀ ਭਾਸ਼ਾ ਦੇ ਸ਼ਬਦ __________ ਦਾ ਪੰਜਾਬੀ ਅਨੁਵਾਦ ਹੈ।

10. ਸੰਸਦ ਦੇ ਦੋਹਾਂ ਸਦਨਾਂ ਵਿੱਚ ਹੋਏ ਮਤਭੇਦ ਨੂੰ __________ ਦੂਰ ਕਰਦਾ ਹੈ।

**ਸਹੀ ਜਾਂ ਗਲਤ**

1. ਲੋਕ ਸਭਾ ਇੱਕ ਸਥਾਈ ਸਦਨ ਹੈ। ☐
2. ਰਾਜ ਸਭਾ ਦੇ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੁੰਦੇ ਹਨ। ☐
3. ਸੰਸਦ ਦੁਆਰਾ ਬਣਾਏ ਕਾਨੂੰਨ ਸਰਵਉੱਚ ਹੁੰਦੇ ਹਨ। ☐
4. ਸੰਸਦੀ ਸਰਕਾਰ ਦਾ ਪ੍ਰਧਾਨਮੰਤਰੀ ਨਾਂ ਮਾਤਰ ਮੁਖੀ ਹੈ। ☐
5. ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਤੇ ਵਿਧਾਨਪਾਲਿਕਾ ਵਿੱਚ ਗੂੜ੍ਹਾ ਸੰਬੰਧ ਹੁੰਦਾ ਹੈ। ☐
6. ਰਾਸ਼ਟਰਪਤੀ ਬਣਨ ਲਈ 25 ਸਾਲ ਦੀ ਉਮਰ ਹੋਣੀ ਚਾਹੀਦੀ ਹੈ। ☐
7. ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਰਾਸ਼ਟਰਪਤੀ ਸਨ। ☐
8. ਸੰਸਦ ਸਰਕਾਰ ਦੀ ਸੱਭ ਤੋਂ ਵੱਡੀ ਕਾਨੂੰਨ ਬਣਾਉਣ ਵਾਲੀ ਸੰਸਥਾ ਹੈ। ☐

## ਪਾਠ 29 ਸਮਾਜਿਕ ਅਸਮਾਨਤਾਵਾਂ ਤੇ ਸਮਾਜਿਕ ਨਿਆਂ ਦੇ ਪ੍ਰਭਾਵ

**1–15 ਸ਼ਬਦਾਂ ਵਾਲੇ ਪ੍ਰਸ਼ਨ**

1. ਅਨਪੜ੍ਹਤਾ ਕਿਸਨੂੰ ਕਹਿੰਦੇ ਹਨ?
2. ਭਾਸ਼ਾਵਾਦ ਤੋਂ ਕੀ ਭਾਵ ਹੈ,
3. 'ਪੜ੍ਹੋ ਸਾਰੇ ਵਧੋ ਸਾਰੇ' ਕਿਸਦਾ ਮਾਟੋ ਹੈ?
4. ਸਰਕਾਰੀ ਨੌਕਰੀਆਂ ਦਾ ਰਾਖਵਾਂਕਰਨ ਕਿਸ ਲਈ ਹੈ?
5. ਅਨਪੜ੍ਹਤਾ ਦਾ ਲੋਕਤੰਤਰ ਤੇ ਕੀ ਪ੍ਰਭਾਵ ਪੈਂਦਾ ਹੈ?
6. ਜਾਤੀਵਾਦ ਤੋਂ ਕੀ ਭਾਵ ਹੈ?
7. ਛੂਤਛਾਤ ਤੋਂ ਕੀ ਭਾਵ ਹੈ?
8. ਸਮਾਜਿਕ ਅਸਮਾਨਤਾ ਤੋਂ ਤੁਸੀ ਕੀ ਸਮਝਦੇ ਹੋ?

**ਖਾਲੀ ਥਾਵਾਂ ਭਰੋ ।**

1. ਭਾਰਤ ਵਿੱਚ ਲਗਭਗ __________ਤੋਂ ਵੱਧ ਜਾਤੀਆਂ ਹਨ।
2. ਭਾਰਤੀ ਸੰਵਿਧਾਨ ਨੇ __________ਭਾਸ਼ਾਵਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਹੈ।

3. ਮੰਡਲ ਕਮੀਸ਼ਨ ਦੀ ਸਥਾਪਨਾ _________ਵਿੱਚ ਕੀਤੀ ਗਈ।

4. ਭਾਰਤੀ ਸੰਵਿਧਾਨ ਦੇ ਅਨੁਛੇਦ _________ਤੋਂ _________ਤੱਕ ਧਾਰਮਿਕ ਸੁਤੰਤਰਤਾ ਕੀਤੀ ਗਈ ਹੈ।

5. ਹਿੰਦੀ ਭਾਸ਼ਾ ਨੂੰ ਸਾਡੀ _________ਭਾਸਾ ਹੋਣ ਦਾ ਮਾਨ ਪ੍ਰਾਪਤ ਹੈ।

6. ਭਾਰਤੀ ਸੰਵਿਧਾਨ ਦੇ ਅਨੁਛੇਦ _________ਤੋਂ _________ਤੱਕ ਸਮਾਨਤਾ ਦੇ ਅਧਿਕਾਰ ਦਾ ਵਰਣਨ ਕੀਤਾ ਗਿਆ ਹੈ।

**ਸਹੀ/ਗਲਤ**

1. ਹਿੰਦੀ ਭਾਰਤ ਦੀ ਰਾਸ਼ਟਰੀ ਭਾਸ਼ਾ ਹੈ। ☐
2. ਅੱਜ ਭਾਰਤੀ ਸਮਾਜ ਚੋਂ ਸਮਾਜਿਕ ਅਸਮਾਨਤਾ ਖਤਮ ਹੋ ਗਈ ਹੈ। ☐
3. ਛੂਤਛਾਤ ਇੱਕ ਅਣਮਨੁੱਖੀ ਪ੍ਰਥਾ ਹੈ। ☐
4. ਭਾਰਤੀ ਸੰਵਿਧਾਨ ਨੇ 24 ਭਾਸ਼ਾਵਾਂ ਨੂੰ ਮਾਣਤਾ ਦਿੱਤੀ ਹੈ। ☐
5. ਕੀ ਮੈਲਾ ਢੌਣ ਦੀ ਪ੍ਰਥਾ ਬੰਦ ਹੋ ਗਈ ਹੈ। ☐
6. 1984 ਦਿੱਲੀ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ। ☐

## ਪਾਠ 28 ਨਿਆਂਪਾਲਿਕਾ ਦੀ ਕਾਰਜਵਿਧੀ ਅਤੇ ਵਿਸ਼ੇਸ਼ ਅਧਿਕਾਰ

ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ :-

1. ਨਿਆਂਪਾਲਿਕਾ ਕਿਸਨੂੰ ਕਹਿੰਦੇ ਹਨ?
2. ਭਾਰਤ ਦੀ ਸੱਭ ਤੋਂ ਵੱਡੀ ਅਦਾਲਤ ਕਿਹੜੀ ਹੈ ਤੇ ਕਿੱਥੇ ਸਥਿਤ ਹੈ?
3. ਸਿਵਿਲ ਮੁੱਕਦਮੇ ਕੀ ਹੁੰਦੇ ਹਨ?
4. ਸਰਕਾਰੀ ਵਕੀਲ ਕੋਣ ਹੁੰਦੇ ਹਨ?
5. ਐਫ.ਆਈ.ਆਰ. ਕੀ ਹੈ?
6. ਜਨਹਿੱਤ ਮੁਕੱਦਮਾ ਕੀ ਹੈ?
7. ਐਫ.ਆਈ.ਆਰ. ਕਿੱਥੇ ਦਰਜ਼ ਹੋ ਸਕਦੀ ਹੈ?
8. ਮੁੱਖ ਮੁਕੱਦਮੇ ਕਿਹੜੇ ਹੁੰਦੇ ਹਨ।

**ਖਾਲੀ ਥਾਵਾਂ ਭਰੋ :**

1. ਉੱਚ ਅਦਾਲਤਾਂ ਦਾ ਗਠਨ __________ ਕਿਸ ਪੱਧਰ ਤੇ ਕੀਤਾ ਜਾਂਦਾ ਹੈ।
2. ਸਰਕਾਰ ਦੇ ਮੁੱਖ ਅੰਗ __________ਹਨ।
3. ਸਰਕਾਰੀ ਵਕੀਲ __________ ਦੇ ਪੱਖ ਵਿੱਚ ਕੇਸ ਵਿੱਚ ਲੜ੍ਹਦਾ ਹੈ।
4. ਸੁਪਰੀਮ ਕੋਰਟ ਦੇ ਜੱਜ __________ ਸਾਲ ਤੱਕ ਆਪਣੀ ਪਦਵੀ ਤੇ ਰਹਿ ਸਕਦੇ ਹਨ।
5. ਹਾਈਕੋਰਟ ਦੇ ਜੱਜ __________ ਸਾਲ ਤੱਕ ਆਪਣੀ ਪਦਵੀ ਤੇ ਰਹਿ ਸਕਦੇ ਹਨ।
6. ਐਫ.ਆਈ.ਆਰ. __________ ਨੂੰ ਕਹਿੰਦੇ ਹਨ।
7. ਭਾਰਤ ਦੀ ਸੱਭ ਤੋਂ ਵੱਡੀ ਅਦਾਲਤ __________ਹੈ।
8. __________ ਦਾ ਕੰਮ ਕਾਨੂੰਨ ਬਣਾਉਣਾ ਹੈ।

**ਸਹੀ/ਗਲਤ**

1. ਭਾਰਤ ਵਿੰਚ ਦੋਹਰੀ ਨਿਆਂਇਕ ਪ੍ਰਣਾਲੀ ਲਾਗੂ ਹੈ। ☐
2. ਭਾਰਤ ਦੀ ਸੱਭ ਤੋਂ ਵੱਡੀ ਅਦਾਲਤ ਚੰਡੀਗੜ੍ਹ ਵਿੱਚ ਹੈ। ☐
3. ਜੱਜਾਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੁਆਰਾ ਕੀਤੀ ਜਾਂਦੀ ਹੈ। ☐
4. ਨਿਆਂ ਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਦਾ ਹੈ। ☐
5. ਸੁਪਰੀਮ ਕੋਰਟ ਦੇ ਜੱਜ 65 ਸਾਲ ਦੀ ਉਮਰ ਤੱਕ ਆਪਣੀ ਪਦਵੀ ਤੇ ਰਹਿ ਸਕਦੇ ਹਨ। ☐
6. ਜ਼ਮੀਨ ਜਾਇਦਾਦ ਨਾਲ ਸੰਬੋਧਿਤ ਝਗੜਾਂ ਫੋਜ਼ਦਾਰੀ ਝਗੜਾ ਹੈ। ☐

## ਪਾਠ 3●

**1-15 ਸ਼ਬਦਾਂ ਵਾਲੇ ਪ੍ਰਸ਼ਨ ਉੱਤਰ**

1. ਸਮਾਜਿਕ ਸਮਾਨਤਾ ਤੋਂ ਕੀ ਭਾਵ ਹੈ?
2. ਕੋਈ ਦੋ ਮਨੁੱਖੀ ਅਧਿਕਾਰ ਲਿਖੋ?
3. ਜਨਉਪਯੋਗੀ ਸੇਵਾਵਾਂ ਕਿਸਨੂੰ ਕਹਿੰਦੇ ਹਨ?
4. ਸਮਾਜਿਕ ਸੁਰੱਖਿਆ ਕੀ ਹੈ?
5. ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸਰਕਾਰ ਦੇ ਕੋਈ ਦੋ ਯਤਨ ਲਿਖੋ।

**ਖਾਲੀ ਥਾਵਾਂ ਭਰੋ :**

1. ਭਾਰਤ ਇੱਕ _________ ਰਾਜ ਹੈ।
2. ਸਕੂਲਾਂ ਚ ਦੁਪਹਿਰ ਦਾ ਖਾਣਾ _________ ਪ੍ਰੋਗਰਾਮ ਅਧੀਨ ਦਿੱਤਾ ਜਾਦਾ ਹੈ।
3. ਬੁਢਾਪਾ, ਦੁਰਘਟਨਾ ਤੇ ਬੇਕਾਰੀ ਸਮੇਂ ਜਿਹੜੀ ਸਰਕਾਰੀ ਸਹੂਲਤ ਮਿਲਦੀ ਹੈ। ਉਸਨੂੰ _________ ਕਹਿੰਦੇ ਹਨ।
4. ਮਨੁੱਖੀ ਅਧਿਕਾਰ ਦਿਵਸ ਹਰ ਸਾਲ _________ ਨੂੰ ਮਨਾਇਆ ਜਾਦਾ ਹੈ।
5. ਮਿਡ ਡੇ ਮੀਲ ਪ੍ਰੋਗਰਾਮ ਅਧੀਨ _________ ਤੋਂ _________ ਜਮਾਤ ਤੱਕ ਮੁਫਤ ਖਾਣਾ ਦਿੱਤਾ ਜਾਂਦਾ ਹੈ।
6. ਭਾਰਤ ਚ ਮਨੁੱਖੀ ਅਧਿਕਾਰ ਆਯੋਗ _________ ਦੀ ਰਾਖੀ ਕਰਦਾ ਹੈ।

**ਸਹੀ/ਗਲਤ**

1. ਭਾਰਤ ਵਿੱਚ ਕੰਮ ਦਾ ਅਧਿਕਾਰ ਮੌਲਿਕ ਅਧਿਕਾਰ ਹੈ। ☐
2. ਪੰਜਾਬ ਦੇ ਸਰਕਾਰੀ ਸਕੂਲਾਂ ਚ ਕੰਪਿਊਟਰ ਸਿੱਖਿਆ ਲਾਜ਼ਮੀ ਨਹੀਂ ਹੈ। ☐
3. ਜਨ ਉਪਯੋਗੀ ਸੇਵਾਵਾਂ ਨੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਹੈ। ☐
4. ਅੱਜ ਭਾਰਤ ਵਿੰਚ ਸਮਾਜਿਕ ਤੇ ਆਰਥਿਕ ਅਸਮਾਨਤਾਵਾਂ ਖਤਮ ਹੋ ਚੁੱਕੀਆਂ ਹਨ। ☐
5. ਸਰਕਾਰ ਨੇ ਸਮਾਜਿਕ ਬੁਰਾਈਆ ਨੂੰ ਦੂਰ ਕਰਣ ਲਈ ਕਾਨੂੰਨ ਬਣਾਏ ਹਨ। ☐
6. ਚੰਗੀ ਸਿੱਖਿਆ ਤੇ ਸਿਹਤ ਸਹੂਲਤਾਂ ਦੇਣੀਆਂ ਸਰਕਾਰ ਦੀ ਬੁਨਿਆਦੀ ਜਿੰਮੇਵਾਰੀ ਨਹੀਂ ਹੈ। ☐

**ਜਮਾਤ–ਅੱਠਵੀਂ**

**ਸੈਂਪਲ ਪੇਪਰ**

**ਭਾਗ–1**

ਸਮਾਂ : 3 ਘੰਟੇ (ਕੁੱਲ ਅੰਕ–70)

## ਭੂਗੋਲ (30 ਅੰਕ)

(1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

1. ਕਿਸੇ ਦੇਸ਼ ਦੇ ਆਰਥਿਕ ਵਿਕਾਸ ਦਾ ਸਹੀ ਅੰਦਾਜਾ ਕਿਵੇਂ ਲਗਾਇਆ ਜਾ ਸਕਦਾ ਹੈ? 2
2. ਕਪਾਹ ਦੀ ਕਿਹੜੀ ਕਿਸਮ ਸੱਭ ਤੋਂ ਵਧੀਆ ਮੰਨੀ ਜਾਂਦੀ ਹੈ, 2
3. ਜਨਗਣਨਾ ਕਿਸਨੂੰ ਕਹਿੰਦੇ ਹਨ ਅਤੇ ਇਹ ਕਿੰਨੇ ਸਾਲ ਬਾਅਦ ਕੀਤੀ ਜਾਂਦੀ ਹੈ? 2
4. ਭੂਚਾਲ ਤੋਂ ਤੁਹਾਡਾ ਕੀ ਭਾਵ ਹੈ? ਇਸਨੂੰ ਕਿਵੇਂ ਮਾਪਿਆ ਜਾਂਦਾ ਹੈ? 2

(2) ਲਿੰਗ ਅਨੁਪਾਤ ਕੀ ਹੈ ਅਤੇ ਇਸਦੇ ਘਟਣ ਲਈ ਕਿਹੜੇ ਤੱਤ ਜਿੰਮੇਵਾਰ ਹਨ? 4

(3) ਭੂਚਾਲ ਆਫਤ ਪ੍ਰਬੰਧਨ ਵਿੱਚ ਸਾਨੂੰ ਕਿਹੜੀਆਂ–2 ਗੱਲਾਂ ਦਾ ਧਿਆਲ ਰੱਖਣਾ ਚਾਹੀਦਾ ਹੈ? 4

(4) ਖਾਲੀ ਥਾਵਾਂ ਭਰੋ : 4

1. ਵਸੋਂ ਦੀ ਗਿਣਤੀ ਕਰਣ ਨੂੰ _________ ਕਿਹਾ ਜਾਂਦਾ ਹੈ।
2. ਧਰਤੀ ਦੇ ਹਿੱਲਣ ਨੂੰ ਅਸੀ _________ ਦਾ ਨਾਂ ਦਿੰਦੇ ਹਾਂ।
3. ਖੇਤੀ ਆਧਾਰਿਤ ਉਦਯੋਗਾਂ ਵਿੱਚ ਕੱਚਾ ਮਾਲ _________ ਤੋਂ ਪ੍ਰਾਪਤ ਹੁੰਦਾ ਹੈ।
4. ਬੰਗਲੋਰ ਭਾਰਤ ਦੇ _________ ਰਾਜ ਦੀ ਰਾਜਧਾਨੀ ਹੈ।

(5) ਸਹੀ ਜਾਂ ਗਲਤ ਦਾ ਨਿਸ਼ਾਨ ਲਗਾਉ (ਕੋਈ 5 ਕਰੋ) 5

1. ਲੰਬੇ ਰੇਸ਼ੇ ਵਾਲੀ ਕਪਾਹ ਵਧੀਆ ਕਿਸਮ ਦੀ ਨਹੀਂ ਮੰਨੀ ਜਾਂਦੀ।
2. ਭੂਚਾਲ ਇੱਕ ਕੁਦਰਤੀ ਆਫਤ ਨਹੀਂ ਹੈ।
3. ਜਨਸੰਖਿਆ ਦੀ ਗਿਣਤੀ ਹਰ 5 ਸਾਲ ਬਾਅਦ ਕੀਤੀ ਜਾਂਦੀ ਹੈ।
4. ਲੋਹਾ ਇਸਪਾਤ ਉਦਯੋਗ ਹਲਕੇ ਉਦਯੋਗਾਂ ਨੂੰ ਕਿਹਾ ਜਾਦਾ ਹੈ।
5. ਸੱਭ ਤੋਂ ਪਹਿਲਾਂ ਕੰਪਿਊਟਰ ਦਾ ਨਿਰਮਾਣ ਭਾਰਤ ਵਿੱਚ ਕੀਤਾ ਗਿਆ।
6. ਸਾਖਰਤਾ ਦਾ ਅਰਥ ਲੋਕਾਂ ਦਾ ਪੜ੍ਹਿਆ ਲਿਖਿਆ ਨਾਂ ਹੋਣਾ ਹੈ।

(6) ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸਾਉ (ਕੋਈ 5 ਸਥਾਨ ਭਰੋ) 5

(i) ਸੂਤੀ ਕਪੱੜ੍ਹਾ ਉਦਯੋਗ ਦਾ ਇੱਕ ਕੇਂਦਰ

(ii) ਰਾਜਸਥਾਨ

(iii) ਸਮੁੰਦਰੀ ਜਹਾਜ ਦੇ ਕਾਰਖਾਨੇ ਵਿਸਾਖਾਪਟਨਮ ਤੇ ਕੋਚੀਨ

(iv) ਸੱਭ ਤੋਂ ਵੱਧ ਵਸੋਂ ਘਣਤਾ ਵਾਲਾ ਰਾਜ

(v) ਆਟੋਮੋਬਾਇਲ ਉਦਯੋਗ ਦਾ ਇੱਕ ਕੇਂਦਰ ਮੁੰਬਈ

(vi) ਕਾਲੀ ਮਿੱਟੀ ਵਾਲਾ ਇੱਕ ਰਾਜ

## ਇਤਿਹਾਸ (3● ਅੰਕ)

**I. ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਦਿਉ।**

1. ਸਤੀ ਪ੍ਰਥਾ ਨੂੰ ਕਦੋਂ ਤੇ ਕਿਸਨੇ ਤੇ ਕਿਸਦੇ ਯਤਨਾਂ ਦੁਆਰਾ ਗੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ? 2

2. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ? 2

3. ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਕਿਸ ਦੁਆਰਾ, ਕਦੋਂ ਤੇ ਕਿੱਥੇ ਤੋਂ ਕਿੱਥੇ ਤੱਕ ਬਣਾਈ ਗਈ? 2

8. ਜੋਤੀਬਾ ਫੂਲੇ ਨੇ ਨੀਵੀਂ ਜਾਤੀ ਦੇ ਲੋੌਕਾਂ ਦੀ ਹਾਲਤ ਸੁਧਾਰਣ ਲਈ ਕਿਹੜੇ ਕਾਰਜ ਕੀਤੇ? 4

9. ਸਵਦੇਸੀ ਤੇ ਬਾਈਕਾਟ ਅੰਦੋਲਨ ਤੇ ਨੋਟ ਲਿਖੋ? 4

1●. ਖਾਲੀ ਥਾਵਾਂ ਭਰੋ: 4

1. ਹਿੰਦੂ ਸਮਾਜ ਵਿੱਚ ਇਸਤਰੀਆ ਨੂੰ ________ ਜਾਇਦਾਦ ਲੈਣ ਦਾ ਅਧਿਕਾਰ ਨਹੀਂ ਸੀ।

2. ਮਹਾਤਮਾ ਗਾਂਧੀ ਜੀ ________ਨੂੰ ਇੱਕ ਪਾਪ ਸਮਝਦੇ ਸਨ।

3. ________ ਦਾ ਵਰਤਮਾਨ ਨਾਂ ਚੇਨੱਈ ਹੈ।

4. ਬੰਦੇ ਮਾਤਰਮ ਦਾ ਰਾਸ਼ਟਰੀ ਗੀਤ ________ ਨੇ ਲਿਖਿਆ ।

**II. ਸਹੀ (✓) ਜਾਂ ਗਲਤ (X) ਲਿਖੋ :** 4

1. ਜੋਤੀਬਾ ਫੂਲੇ ਨੂੰ 'ਮਹਾਤਮਾ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ☐

2. ਦਿੱਲੀ ਭਾਰਤ ਦੀ ਰਾਜਧਾਨੀ ਹੈ। ☐

3. ਸੰਵਿਧਾਨ 26 ਜਨਵਰੀ 195● ਈ. ਨੂੰ ਲਾਗੂ ਕੀਤਾ ਗਿਆ। ☐

4. 1928 ਈ. ਵਿੱਚ ਸਾਈਮਨ ਕਮੀਸ਼ਨ ਦਾ ਭਾਰਤੀਆਂ ਨੇ ਲਾਲ ਝੰਡੀਆਂ ਨਾਲ ਵਿਰੋਧ ਕੀਤਾ। ☐

(12) ਸਹੀ ਉੱਤਰ ਤੇ (✓) ਲਗਾਉ। 4

1. ਸਤੀ ਪ੍ਰਥਾ ਨੂੰ ਕਿਸਦੇ ਯਤਨਾਂ ਸਦਕਾ ਖਤਮ ਕੀਤਾ ਗਿਆ?

(ੳ) ਰਾਜਾ ਰਾਮ ਮੋਹਨ ਰਾਏ (ਅ) ਸਰ ਸਯੱਦ ਅਹਿਮਦ ਖਾਂ

(ੲ) ਸਵਾਮੀ ਦਯਾਨੰਦ ਸਰਸਵਤੀ (ਸ) ਵੀਰ ਸਲਿੰਗਮ

2. ਪ੍ਰਾਚੀਨ ਕਾਲ ਵਿੱਚ _________ ਤੇ ਮੋਹਨਜੋਦੜੋ ਦੇ ਉੱਨਤ ਸ਼ਹਿਰਾ ਸਨ?

(ੳ) ਰੋਪੜ (ਅ) ਪੀਲੀਬੰਗਾ (ੲ) ਹੜੱਪਾ (ਸ) ਕਾਲੀਬੰਗਾਂ

3. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ?

(ੳ) ਯੁਗਾਂਤਰ ਤੇ ਬੰਦੇ ਮਾਤਰਮ

(ਅ) ਕਲੱਕਤਾ ਜਨਰਲ ਤੇ ਬੰਬੇ ਸਮਾਚਾਰ

(ੲ) ਕੇਸਰੀ ਤੇ ਮਰਾਠਾ

(ਸ) ਦਰਪਨ ਤੇ ਦਿੱਗ ਦਰਸ਼ਨ

4. ਪਲਾਸੀ ਦੀ ਲੜ੍ਹਾਈ ਕਦੋਂ ਹੋਈ ਸੀ?

(ੳ) 23 ਜੂਨ 1756 (ਅ) ਅਪ੍ਰੈਲ 1764 (ੲ) 23 ਜੂਨ 1757 (ਸ) 17 ਮਈ 174●

(13) ਸਹੀ ਮਿਲਾਣ ਕਰੋ । 4

| | | |
|---|---|---|
| 1. | ਅਹਿੰਸਾ | ਮਹਾਰਾਜਾ ਰਿਪੁਦਮਨ ਸਿੰਘ |
| 2. | ਭਾਰਤ ਛੱਡੋ ਅੰਦੋਲਨ | ਮਹਾਤਮਾ ਗਾਂਧੀ |
| 3. | ਕ੍ਰਾਂਤੀਕਾਰੀ ਲਹਿਰ | 8 ਅਗਸਤ 1942 |
| 4. | ਜੈਤੋ ਦਾ ਮੋਰਚਾ | ਸਰਦਾਰ ਭਗਤ ਸਿੰਘ |

## (ਨਾਗਰਿਕ ਸ਼ਾਸਤਰ) (1● ਅੰਕ)

(14) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (6 ਅੰਕ)

1. ਸੰਸਦ ਦੇ ਸ਼ਬਦੀ ਅਰਥ ਲਿਖੋ?

2. ਭਾਰਤ ਦੀ ਸੱਭ ਤੋਂ ਵੱਡੀ ਅਦਾਲਤ ਕਿਹੜੀ ਹੈ ਤੇ ਕਿੱਥੇ ਸਥਿਤ ਹੈ?

3. ਅਨਪੜ੍ਹਤਾ ਕਿਸਨੂੰ ਕਹਿੰਦੇ ਹਨ?

(15) ਖਾਲੀ ਥਾਵਾਂ ਭਰੋ : (2 ਅੰਕ)

1. ਲੋਕ ਸਭਾ ਇੱਕ ________ਸਦਨ ਹੈ।

2. ਹਿੰਦੀ ਭਾਸ਼ਾ ਨੂੰ ਸਾਡੀ ________ਭਾਸ਼ਾ ਹੋਣ ਦਾ ਮਾਨ ਪ੍ਰਾਪਤ ਹੈ।

(16) ਸਹੀ ਜਾਂ ਗਲਤ ਲਿਖੋ । (2 ਅੰਕ)

1. ਹਿੰਦੀ ਭਾਰਤ ਦੀ ਰਾਸ਼ਟਰੀ ਭਾਸ਼ਾ ਹੈ।

2. ਜੱਜਾਂ ਦੀ ਨਿਯੁਕਤੀ ਪ੍ਰਧਾਨਮੰਤਰੀ ਦੁਆਰਾ ਕੀਤੀ ਜਾਂਦੀ ਹੈ।

# ਜਮਾਤ-ਅੱਠਵੀਂ

## ਸੈਂਪਲ ਪੇਪਰ

## ਭਾਗ-1

ਸਮਾਂ : 3 ਘੰਟੇ (ਕੁੱਲ ਅੰਕ-7●)

## ਭੂਗੋਲ (3● ਅੰਕ)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :
   - (i) ਆਟੋਮੋਬਾਇਲ ਉਦਯੋਗ ਦੀ ਸ਼ੁਰੂਆਤ ਕਦੋਂ ਹੋਈ? 2
   - (ii) ਰੇਸ਼ਮ ਕਿੱਥੋਂ ਪ੍ਰਾਪਤ ਕੀਤਾ ਜਾਂਦਾ ਹੈ? 2
   - (iii) ਕੰਨਿਆ ਭਰੂਣ ਹੱਤਿਆ ਕਿਸਨੂੰ ਕਹਿੰਦੇ ਹਨ? 2
   - (iv) ਮਨੁੱਖੀ ਆਫਤਾਂ ਕੀ ਹੁੰਦੀਆਂ ਹਨ ਉਦਾਹਰਣ ਦਿਉ? 2
2. ਹਵਾਈ ਜਹਾਜਾਂ ਦੀ ਵਰਤੋਂ ਕਿੱਥੇ ਹੁੰਦੀ ਹੈ ਅਤੇ ਭਾਰਤ ਵਿੱਚ ਹਵਾਈ ਜਹਾਜ ਬਣਾਉਣ ਵਾਲੇ ਮੁੱਖ ਕੇਂਦਰ ਕਿਹੜੇ ਹਨ? 4
3. ਸੰਘਣੀ ਵਸੋਂ ਦੇ ਦੋ ਲਾਭ ਤੇ ਦੋ ਹਾਨੀਆਂ ਦੱਸੋ? 4
4. ਖਾਲੀ ਥਾਵਾਂ ਭਰੋ :
   - (i) ਜੋ ਵਿਅਕਤੀ ਕਿਸੇ ਵੀ ਭਾਸ਼ਾ ਵਿੱਚ ਪੜ੍ਹ, ਲਿਖ ਅਤੇ ਸਮਝ ਸਕਦਾ ਹੈ। ਉਸਨੂੰ _________ ਕਿਹਾ ਜਾਂਦਾ ਹੈ।
   - (ii) ਧਰਤੀ ਦੇ ਹਿੱਲਣ ਨੂੰ ਅਸੀਂ _________ ਦਾ ਨਾਂ ਦਿੰਦੇ ਹਾਂ।
   - (iv) ਕਪਾਹ ਨੂੰ ____________ ਸੋਨਾ ਵੀ ਕਿਹਾ ਜਾਦਾ ਹੈ।
5. ਸਹੀ ਜਾਂ ਗਲਤ ਦਾ ਨਿਸ਼ਾਨ ਲਗਾਉ (ਕੋਈ 5 ਕਰੋ) 5
   - (i) ਵੱਡੇ ਪੈਮਾਨੇ ਦੇ ਉਦਯੋਗਾਂ ਵਿੱਚ ਮਜ਼ਦੂਰਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ।
   - (ii) ਊਨੀ ਕੱਪੜਾ ਉਦਯੋਗ ਜਾਨਵਰਾਂ ਦੇ ਵਾਲਾਂ ਤੇ ਨਿਰਭਰ ਨਹੀਂ ਕਰਦਾ।
   - (iii) ਕੁੜੀਆਂ ਨੂੰ ਕੁੱਖ ਵਿੱਚ ਮਾਰ ਦੇਣ ਨੂੰ ਭਰੂਣ ਹੱਤਿਆ ਕਹਿੰਦੇ ਹਨ।
   - (iv) ਬੰਬ ਧਮਾਕਾ ਇੱਕ ਕੁਦਰਤੀ ਆਫ਼ਤ ਹੈ।
   - (v) ਲਾਵੇ ਦਾ ਧਰਤੀ ਤੇ ਆਉਣ ਦੀ ਕਿਰਿਆ ਨੂੰ ਜਵਾਲਾਮੁਖੀ ਕਿਹਾ ਜਾਂਦਾ ਹੈ।

(v) ਦੇਸ ਦੀ ਕੇਂਦਰੀ ਰਾਜਧਾਨੀ ਦਿੱਲੀ ਹੈ।

(6) ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸਾਉ।(ਕੋਈ 5 ਸਥਾਨ)

(i) ਸੂਚਨਾ ਤਕਨੀਕ ਉਦਯੋਗ ਦਾ ਇੱਕ ਕੇਂਦਰ

(ii) ਲੋਹਾ ਇਸਪਾਤ ਉਦਯੋਗ ਦਾ ਇੱਕ ਕੇਂਦਰ

(iii) ਚਾਹ ਪੈਦਾ ਕਰਣ ਵਾਲਾ ਕੋਈ ਇੱਕ ਰਾਜ

(iv) ਸੋਨਾ ਕੱਢਣ ਵਾਲਾ ਇੱਕ ਖੇਤਰ

(v) ਸੰਘਣੀ ਵੱਸੋਂ ਵਾਲਾ ਇੱਕ ਖੇਤਰ

(vi) ਵਿਸ਼ਾਖਾਪਟਨਮ

## ਇਤਿਹਾਸ (3● ਅੰਕ)

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

1. ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਤੇ ਕਿਸਨੇ ਕੀਤੀ?

2. ਬੰਗਾਲ ਦੀ ਵੰਡ ਕਦੋਂ ਤੇ ਕਿਸ ਗਵਰਨਰ ਜਨਰਲ ਦੇ ਸਮੇਂ ਹੋਈ?

3. ਮੁੰਬਈ ਸ਼ਹਿਰ ਵਿਖੇ ਵੇਖਣਯੋਗ ਸਥਾਨਾਂ ਦੇ ਨਾਂ ਲਿਖੋ ?

8. ਸਮਾਜ ਸੁਧਾਰਕਾਂ ਨੇ ਜਾਤੀ ਪ੍ਰਥਾ ਨੂੰ ਹੀ ਕਿਉਂ ਨਿਸ਼ਾਨਾ ਬਣਾਇਆ?

9. ਸਾਈਮਨ ਕਮਿਸ਼ਨ ਬਾਰੇ ਤੁਸੀ ਕੀ ਜਾਣਦੇ ਹੋ?

1●. ਖਾਲੀ ਥਾਵਾਂ ਭਰੋ : (4 ਅੰਕ)

1. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ________ ਨੇ ਕੀਤੀ।

2. ਗਦਰ ਪਾਰਟੀ ਦੇ ਪ੍ਰਧਾਨ ________ ਸਨ।

3. ਬਾਲ ਗੰਗਾਧਰ ਤਿਲਕ ਨੇ ਕਿਹਾ ਸੀ "ਸਵਰਾਜ ਮੇਰਾ ________ਅਧਿਕਾਰ ਹੈ ਤੇ ਮੈਂ ਇਸਨੂੰ ਪ੍ਰਾਪਤ ਕਰਕੇ ਹੀ ਰਹਾਂਗਾ।"

4. ਮਹਾਤਮਾ ਗਾਂਧੀ ਜੀ ਦਾ ਜਨਮ ________ ਨੂੰ ਹੋਇਆ।

(11) ਸਹੀ (✓) ਜਾਂ ਗਲਤ (X) ਤੇ ਨਿਸ਼ਾਨ ਲਗਾਉ। (4 ਅੰਕ)

1. ਬੰਗਾਲ ਦੀ ਵੰਡ 19●6 ਈ. ਵਿੱਚ ਹੋਈ।

2. ਸਰ ਸੱਯਦ ਅਹਿਮਦ ਖਾਂ ਹਿੰਦੂ ਸਮਾਜ ਦਾ ਸੁਧਾਰ ਕਰਨਾ ਚਾਹੁੰਦੇ ਹਨ।

3. ਮਹਾਤਮਾ ਗਾਂਧੀ ਜੀ ਛੂਤਛਾਤ ਨੂੰ ਪਾਪ ਸਮਝਦੇ ਸਨ।

4. ਜੋਤੀਬਾ ਫੂਲੇ ਨੇ 25 ਸਤੰਬਰ 1873 ਈ. ਨੂੰ ਸੱਤਿਆ ਸ਼ੋਧਕ ਸਮਾਜ ਦੀ ਸੰਸਥਾ ਸਥਾਪਿਤ ਕੀਤੀ।

(12) ਸਹੀ ਉੱਤਰ (✓) ਤੇ ਲਗਾਉ। (4 ਅੰਕ)

1. ਬੰਦੇ ਮਾਤਰਮ ਗੀਤ ਕਿਸਨੇ ਲਿਖਿਆ?

(ੳ) ਮੁਨਸ਼ੀ ਪ੍ਰੇਮ ਚੰਦ (ਅ) ਰਵਿੰਦਰ ਨਾਥ ਟੈਗੋਰ

(ੲ) ਬੰਕਿਮ ਚੰਦਰ ਚੱਟਰਜੀ (ਸ) ਵੀਰ ਸਲਿੰਗਮ

2. ਦਹੇਜ ਪ੍ਰਥਾ ਕਦੋਂ ਖਤਮ ਕੀਤੀ?

(ੳ) 1845 ਈ. (ਅ) 1843 ਈ.

(ਸ) 1847 ਈ. (ਸ) 185● ਈ.

3. ਮਹਾਤਮਾ ਗਾਂਧੀ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਦੀ ਭਲਾਈ ਲਈ ਕਿਸ ਸ਼ਬਦ ਦੀ ਵਰਤੋ ਕੀਤੀ?

(ੳ) ਹਰੀਜਨ (ਅ) ਰਾਮਜਨ (ੲ) ਗੁਰੂਜਨ (ਸ) ਮਹਾਜਨ

4. ਬਕਸਰ ਦੀ ਲੜ੍ਹਾਈ __________ ਈ. ਵਿੱਚ ਹੋਈ।

(ੳ) 1748 ਈ. (ਅ) 1759 ਈ. (ੲ) 1764 ਈ. (ਸ) 1739 ਈ.

(13) ਸਹੀ ਮਿਲਾਨ ਕਰੋ : (4 ਅੰਕ)

| | | |
|---|---|---|
| 1. | ਸ਼੍ਰੀ ਸਤਿਗੁਰੂ ਰਾਮ ਸਿੰਘ ਜੀ | ਸ਼ਾਹਜਹਾਂਬਾਦ |
| 2. | ਸਿੰਘ ਸਭਾ ਲਹਿਰ | 1914 ਈ. |
| 3. | ਸ਼ਾਹਜਹਾਂ ਸਮੇਂ ਦਿੱਲੀ | ਨਾਮਧਾਰੀ ਲਹਿਰ |
| 4. | ਪਹਿਲਾ ਵਿਸ਼ਵ ਮਹਾਂਯੁੱਧ | ਮੰਜੀ ਸਾਹਿਬ ਅੰਮ੍ਰਿਤਸਰ |

## ਨਾਗਰਿਕ ਸ਼ਾਸ਼ਤਰ (1● ਅੰਕ)

(14) ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਦਿਉ।

1. ਸਰਕਾਰੀ ਵਕੀਲ ਕੋਣ ਹੁੰਦੇ ਹਨ?

2. ਭਾਰਤੀ ਲੋਕਤੰਤਰ ਦੀਆਂ ਕੋਈ ਦੋ ਸਮੱਸਿਆਵਾਂ ਲਿਖੋ?

3. ਐਫ.ਆਈ.ਆਰ. ਤੋਂ ਕੀ ਭਾਵ ਹੈ?

(15) ਖਾਲੀ ਥਾਵਾਂ ਭਰੋ । (2 ਅੰਕ)

1. ਲੋਕ ਸਭਾ ਦੇ ਕੁੱਲ ਮੈਂਬਰਾਂ ਦੀ ਸੰਖਿਆ __________ ਹੈ।

2. ਭਾਰਤ ਦਾ ਰਾਸ਼ਟਰਪਤੀ ਚੁਣੇ ਜਾਣ ਲਈ ਘੱਟੋ ਘੱਟ ਉਮਰ _______ ਹੋਣੀ ਚਾਹੀਦੀ ਹੈ।

(16) ਸਹੀ ਜਾਂ ਗਲਤ ਲਿਖੋ ।

1. ਭਾਰਤ ਦਾ ਸੰਵਿਧਾਨ 26 ਜਨਵਰੀ 195● ਨੂੰ ਲਾਗੂ ਕੀਤਾ ਗਿਆ।

2. ਸੰਸਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ _________ ਦਾ ਪੰਜਾਬੀ ਅਨੁਵਾਦ ਹੈ।